# ਰੇਡੀਓ ਲੜੀਵਾਰ: ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 48 ਭਵਿੱਖ ਦੀ ਊਰਜਾ

**(Energy for the Future)**

ਮੂਲ ਖੋਜ ਤੇ ਲੇਖਣ: ਡਾ.  ਮਾਨਸ ਪ੍ਰੀਤਮ ਦਾਸ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode, we have discussed the future forms of energy. The focus has been on the needs of various aspects of the development and expansion of non conventional energy that is green energy in order to replace the energy from fossil fuels. The issue of the techniques and propagation of solar energy, wind energy, mechanical energy, biomass energy from farm and domestic wastes and from rice straw, wind energy, tidal energy, geothermal energy and thermal energy of sea has been presented in the form of a play and some songs in folk lore. The story also discusses the requirement of involvement of private entrepreneurs for harnessing and developing the sources of non conventional energy. In the end the importance of the non conventional energy for future has also been stressed.)

(ਇਸ ਕੜੀ ਵਿਚ ਅਸੀਂ ਭਵਿੱਖ ਦੀਆਂ ਊਰਜਾਂ ਵੰਨਗੀਆਂ ਬਾਬਤ ਚਰਚਾ ਕੀਤੀ ਹੈ! ਇਸ ਵਿੱਚ ਕੇਂਦਰ ਬਿੰਦੂ ਬਣਾਇਆ ਗਿਆ ਹੈ ਗ਼ੈਰ ਰਵਾਇਤੀ ਊਰਜਾ ਵੰਨਗੀਆਂ ਦੀ ਲੋੜ; ਵਿਕਾਸ ਅਤੇ ਪਸਾਰੇ ਦੇ ਵੱਖ ਵੱਖ ਪਹਿਲੂਆਂ ਨੂੰ ਤਾਂ ਕਿ ਹਰਿਤ ਊਰਜਾ ਨਾਲ ਪਥਰਾਹਟੀ ਈਂਧਣਾਂ ਤੋਂ ਪੱਲਾ ਛੁਡਾਇਆ ਜਾ ਸਕੇ! ਸੂਰਜੀ ਊਰਜਾ, ਪਣ ਊਰਜਾ, ਪੌਣ ਊਰਜਾ, ਯਾਂਤਰਿਕ ਊਰਜਾ, ਖੇਤੀ ਤੇ ਘਰਾਂ ਦੀ ਰਹਿੰਦ ਖੂੰਹਦ ਤੋਂ ਊਰਜਾ, ਪਰਾਲੀ ਤੋਂ ਊਰਜਾ, ਜਵਾਰਭਾਟਾ ਊਰਜਾ, ਭੂ-ਗਰਭ ਤਾਪ ਊਰਜਾ, ਸਮੁੰਦਰੀ ਤਾਪ ਊਰਜਾ ਲਈ ਤਕਨੀਕਾਂ ਅਤੇ ਉਨ੍ਹਾਂ ਦੇ ਪ੍ਰਚਾਰ ਪਰਸਾਰ ਵਾਸਤੇ ਇੱਕ ਨਾਟਕ ਅਤੇ ਲੋਕ ਧੁਨੀਆਂ 'ਤੇ ਗਾਏ ਗੀਤਾਂ ਰਾਹੀਂ ਪੇਸ਼ਕਾਰੀ ਕੀਤੀ ਗਈ ਹੈ! ਇਸ ਕੜੀ ਵਿੱਚ ਗ਼ੈਰ ਰਵਾਇਤੀ ਊਰਜਾ ਨੂੰ ਪੈਦਾ ਕਰਨ, ਵਰਤਣ ਤੇ ਵਿਤਰਣ ਵਾਸਤੇ ਵਿਸ਼ੇਸ਼ ਕਰਕੇ ਦੂਰ ਦੁਰਾਡੇ ਇਲਾਕਿਆਂ ਦੀਆਂ ਊਰਜਾ ਲੋੜਾਂ ਦੀ ਪੂਰਤੀ ਵਾਸਤੇ, ਨਿੱਜੀ ਖੇਤਰ ਨੂੰ ਉਤਸ਼ਾਹਤ ਕਰਨ ਦੀ ਗੱਲ ਵੀ ਕੀਤੀ ਗਈ ਹੈ ਅਤੇ ਅੰਤ ਵਿੱਚ ਗ਼ੈਰ ਰਵਾਇਤੀ ਊਰਜਾ ਦੇ ਭਵਿੱਖ ਵਿੱਚ ਵਿਕਾਸ ਦੀ ਲੋੜ ਦੀ ਅਹਿਮੀਅਤ ਵੀ ਦਰਸਾਈ ਗਈ ਹੈ)

## ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

ਨਾਜ਼ਿਮ : ਇੱਕ ਬੈਂਕ ਕਰਮਚਾਰੀ

ਅਸੀਮ : ਨਾਜ਼ਿਮ ਦਾ ਇੱਕ ਨੌਜੁਆਨ ਦੋਸਤ

ਸਹਿ ਯਾਤਰੀ 1

ਸਹਿ ਯਾਤਰੀ 2

ਹਾਕਰ : ਗੱਡੀ ਵਿੱਚ ਸਮਾਨ ਵੇਚਣ ਵਾਲਾ

ਰੀਟਾ : ਬੈਂਕ ਮੈਨੇਜਰ

ਸੰਜੀਵ : ਇੱਕ ਉੱਦਮੀ

ਮੰਗੂ : ਚਾਹ ਵਾਲਾ

## ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

**ਜਲਵਾਯੂ ਬਦਲਾਅ**, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

ਸੰਗੀਤ......

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** **ਦੀ ਅਠਤਾਲੀਵੀਂ** ਕੜੀ **"ਭਵਿੱਖ ਦੀ ਊਰਜਾ"**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

ਔਰਤ ਸੂਤਰਧਾਰ : ਹਾਂ ਜੀ! ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਅਠਤਾਲੀਵੀਂ** ਕੜੀ ਵਿੱਚ।

ਮਰਦ ਸੂਤਰਧਾਰ : ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ, **'ਭਾਰਤ ਵਿੱਚ ਊਰਜਾ ਦੀ ਦਸ਼ਾ 1: ਊਰਜਾ ਕੇਂਦਰ'** ਸੁਣਾਈ ਸੀ ਕਹਾਣੀ ਭਾਰਤ ਦੀਆਂ ਊਰਜਾ ਲੋੜਾਂ ਤੇ ਊਰਜਾ ਕੇਂਦਰਾਂ ਦੀ!

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਕਿ ਕਿਵੇਂ ਸਾਡੀ ਲੋੜ ਹੈ ਊਰਜਾ ਦੇ ਗੈਰ ਰਵਾਇਤੀ ਸਾਧਨਾ ਵੱਲ ਨੂੰ ਮੋੜਾ ਕੱਟਣਾ ਤਾ ਕਿ ਪਾਈ ਜਾ ਸਕੇ ਠੱਲ੍ਹ ਜਲਵਾਯੂ ਬਦਲਾਅ ਦੀ ਰਫਤਾਰ ਨੂੰ ਤੇ ਵਧਦੀ ਹੋਈ ਆਲਮੀ ਤਪਸ਼ ਨੂੰ!

**ਮਰਦ ਸੂਤਰਧਾਰ** : ਗੱਲ ਹੋਈ ਸੀ ਕਿ ਕਿਵੇਂ ਉਸਾਰੀ ਮਜਦੂਰਾਂ ਦੀ ਇੱਕ ਬਸਤੀ ਦੇ ਹਨੇਰੇ ਘਰਾਂ ਵਿੱਚ ਲਿਆ ਦਿੱਤੀ ਰੌਸ਼ਨੀ ਸੌਰ ਊਰਜਾ ਨੇ!

**ਔਰਤ ਸੂਤਰਧਾਰ** : ਸੁਣੇ ਸਨ ਅਸੀਂ ਉਹ ਕਿੱਸੇ ਵੀ ਕਰਦੇ ਸਨ ਜੋ ਖੁਲਾਸਾ ਉਨ੍ਹਾਂ ਤਕਲੀਫਾਂ ਦਾ ਝਲਦੇ ਸਨ ਇਹ ਮਜਦੂਰ ਜੋ ਇਸ ਊਰਜਾ ਦੀ ਅਣਹੋਂਦ ਵਿੱਚ!

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਕਿਵੇਂ ਸਾਹ ਘੁੱਟਦਾ ਸੀ ਉਨ੍ਹਾਂ ਦਾ ਮਿੱਟੀ ਦੇ ਤੇਲ ਦੇ ਦੀਵੇ ਨਾਲ ਇੱਕ ਨਿੱਕੀ ਜਿਹੀ ਲੋਅ ਲੈਣ ਦੇ ਵਾਸਤੇ ਹੀ!

**ਔਰਤ ਸੂਤਰਧਾਰ** : ਹੋਈ ਸੀ ਗੱਲ ਉਸ ਵਿਗਿਆਨਕ ਵਰਤਾਰੇ ਦੀ ਵੀ ਜਿਹੜਾ ਹੈ ਪਿਛੇ ਇਸ ਸੂਰਜੀ ਰੌਸ਼ਨੀ ਦੇ ਕ੍ਰਿਸ਼ਮੇ ਦੇ!

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਕਿਵੇਂ ਸੋਲਰ ਪੈਨਲ ਵਿੱਚਲੇ ਫੋਟੋਵੋਲਟਿਕ ਸੈਲ ਕਤਾਰਬੰਦੀ ਵਿੱਚ ਬੀੜੇ ਹੁੰਦੇ ਹਨ ਅਤੇ ਉਹ ਫੋਟੋਵੋਲਟਿਕ ਪ੍ਰਭਾਵ ਰਾਹੀਂ ਬਿਜਲੀ ਪੈਦਾ ਕਰਦੇ ਹਨ!

**ਔਰਤ ਸੂਤਰਧਾਰ** : ਹੋਈ ਸੀ ਗੱਲ ਕਿ ਕਿਵੇਂ ਇਨ੍ਹਾਂ ਫੋਟੋਵੋਲਟਿਕ ਸੈਲਾਂ ਦੀ ਸਮੱਗਰੀ ਸੂਰਜੀ ਰੋਸ਼ਨੀ ਦੇ ਫੋਟੋਨਾਂ ਨੂੰ ਜਜਬ ਕਰਕੇ ਇਲੈਕਟਰਾਨਾਂ ਦੀ ਇੱਕ ਧਾਰਾ ਛੱਡ ਦਿੰਦੀ ਹੈ ਅਤੇ ਇਸ ਸਾਰੀ ਪਰਕਿਰਿਆ ਦਾ ਨਾਲ ਹੈ ਫੋਟੋ ਵੋਲਟਿਕ ਪ੍ਰਭਾਵ!

**ਮਰਦ ਸੂਤਰਧਾਰ** : ਸੁਣਾਏ ਸਨ ਕਿੱਸੇ ਕਿ ਕਿਵੇਂ ਮਿੱਟੀ ਦੇ ਤੇਲ ਦੀ ਵਰਤੋਂ 20% ਘਟ ਗਈ ਹੈ ਤੇ ਕਿਵੇਂ ਕੋਲੇ ਦੀ ਥਾਂ ਰਸੋਈ ਗੈਸ ਨਾਲ ਕੋਲੇ ਦੇ ਬਾਲਣ ਦੀ ਲੋੜ ਘਟੀ ਹੈ ਅਤੇ 2018 ਤੱਕ ਹੀ 72% ਘਰਾਂ ਵਿੱਚ ਰਸੋਈ ਗੈਸ ਕੁਨੈਕਸ਼ਨ ਪਹੁੰਚ ਚੁਕੇ ਸਨ!

**ਔਰਤ ਸੂਤਰਧਾਰ** : ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ ਇਸ ਸੂਰਜੀ ਰੋਸ਼ਨੀ ਕਾਰਨ ਕਾਮਿਆਂ ਦੇ ਬੱਚਿਆਂ ਦੀ ਵੀ ਪੜ੍ਹਾਈ ਵਿੱਚ ਵਧ ਗਈ ਹੈ ਪ੍ਰਾਪਤੀ ਤੇ ਸੁਧਰ ਰਹੀਆਂ ਨੇ ਉਨ੍ਹਾਂ ਦੀਆਂ ਜਿੰਦਗੀਆਂ!

**ਮਰਦ ਸੂਤਰਧਾਰ** : ਹੋਈ ਸੀ ਗੱਲ ਇਹ ਵੀ ਕਿ ਸਾਡੇ ਦੇਸ਼ ਵਿੱਚ ਸੌਰ ਬਿਜਲੀ ਦੇ ਟੀਚੇ 20 ਗੀਗਾ ਵਾਟ ਤੋਂ ਵਧਾ ਕੇ 100 ਗੀਗਾ ਵਾਟ ਕਰ ਦਿੱਤੇ ਗਏ ਹਨ ਤਾਂ ਕਿ ਅਸੀਂ ਪਥਰਾਹਟੀ ਬਾਲਣਾਂ ਦੀ ਵਰਤੋਂ ਘਟਾ ਕੇ ਹਰਿਤ ਘਰ ਪ੍ਰਭਾਵ ਗੈਸਾਂ ਦਾ ਉਤਸਰਜਨ ਘਟਾ ਸਕੀਏ!

**ਔਰਤ ਸੂਤਰਧਾਰ** : ਸੁਣ ਲਏ ਸੀ ਤੁਸੀਂ ਕੋਲਾ ਖਦਾਨ ਦੇ ਉਹ ਦੁਖਾਂਤ ਵੀ ਜਿਨ੍ਹਾਂ ਵਿੱਚ ਕਹਾਣੀ ਸੀ ਚੂਹਾ ਕੋਲਾ ਖਦਾਨ ਵਿੱਚ ਦਮ ਘੁਟਣ ਨਾਲ ਹੋਈਆਂ ਮੌਤਾਂ ਦੀ! ਗੱਲ ਕੀਤੀ ਸੀ ਅਸੀਂ ਕੋਲੇ ਦੀ ਵਰਤੋਂ ਘਟਾ ਕੇ ਅਜਿਹੀਆਂ ਮੌਤਾਂ ਤੋਂ ਛੁਟਕਾਰੇ ਦੇ ਨਾਲ ਹੀ ਹਰਿਤ ਘਰ ਪ੍ਰਭਾਵ ਗੈਸਾਂ ਦਾ ਉਤਸਰਜਨ ਘਟਾ ਕੇ

ਆਲਮੀ ਤਪਸ਼ ਨੂੰ ਰੋਕਨ ਦੀ!

**ਮਰਦ ਸੂਤਰਧਾਰ** : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਭਵਿਖ ਦੇ ਊਰਜਾ ਸ੍ਰੋਤਾਂ ਦੀ!

**ਔਰਤ ਸੂਤਰਾਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਅਠਤਾਲੀਵੀਂ ਕੜੀ "**ਭਵਿੱਖ ਦੀ ਊਰਜਾ ....**"! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ ............................ਮੱਧਮ ਪੈਂਦਾ ਹੈ)**

(ਲੋਕਲ ਟ੍ਰੇਨ ਦੇ ਆਉਣ ਦਾ ਸਮਾਂ... ਜ਼ਿਆਦਾਤਰ ਯਾਤਰੀ ਕੰਮ ਦੇ ਸਮੇਂ ਤੋਂ ਬਾਅਦ ਵਾਪਸ ਆਉਣ ਵਾਲੇ ਯਾਤਰੀ... ਅਸੀਮ (55 ਸਾਲ) ਅਤੇ ਨਾਜ਼ਿਮ (40 ਸਾਲ) ਵਿਚ ਚਰਚਾ ਹੋ ਰਹੀ ਹੈ।)

**ਅਸੀਮ** : ਪਲੀਜ਼, ਥੋੜ੍ਹਾ ਉਧਰ ਖਿਸਕੋਗੇ। ਮੈਂ ਬੈਠ ਨਹੀਂ ਪਾ ਰਿਹਾ।

**ਸਹਿ ਯਾਤਰੀ 1** : ਕਿਥੇ ਜਗ੍ਹਾ ਦੇਖ ਰਿਹਾ ਐ। ਮੇਰੇ ਲਈ ਹੀ ਜਗ੍ਹਾ ਨਹੀਂ।

**ਅਸੀਮ** : ਜਗ੍ਹਾ ਤਾਂ ਬਹੁਤ ਹੈ, ਪਰ ਤੁਸੀਂ ਸਰਕਨਾ ਹੀ ਨਹੀਂ ਚਾਹੁੰਦੇ।

**ਸਹਿ-ਯਾਤਰੀ 2** : ਸਾਹਿਬ, ਤੁਹਾਨੂੰ ਤਾਂ ਟੈਕਸੀ ਲੈਣੀ ਚਾਹੀਦੀ ਸੀ। ਤੁਹਾਡੇ ਲਈ ਟ੍ਰੇਨ ਠੀਕ ਨਹੀਂ।

**ਅਸੀਮ** : ਮੈਨੂੰ ਤੇਰੀ ਸਲਾਹ ਦੀ ਜ਼ਰੂਰਤ ਨਹੀਂ ਹੈ। ਤੁਸੀਂ ਸ਼ਾਂਤ ਰਹੋ।

**ਸਹਿ-ਯਾਤਰੀ 1** : ਅਪਣਾ ਮੂੰਹ ਬੰਦ ਰੱਖਦਾ ਹੈ ਜਾਂ ਨਹੀਂ। ਜੰਗਲੀ ਕਿਤੋਂ ਦਾ।

**ਅਸੀਮ** : ਕੀ ਕਹਿ ਰਿਹਾ ਹੈਂ? ਫਿਰ ਤੋਂ ਕਹਿਣਾ – ਅਜਿਹਾ ਮਾਰਾਂਗਾ... ਸਾਰੇ ਦੰਦ ਬਾਹਰ ਆ ਜਾਣਗੇ।

(ਭੀੜ ਵਿਚੋਂ ਕੁਝ ਲੋਕ ਬੋਲਣ ਲੱਗਦੇ ਹਨ... ਜਾਣਦੇ ਨਹੀਂ ਮੈਂ ਕੌਣ ਹਾਂ? ਟ੍ਰੇਨ ਤੋਂ ਨੀਚੇ ਉਤਰ... ਸਾਰੀ ਹੈਂਕੜ ਕੱਢ ਦਿਆਂਗਾ।...... ਦੂਸਰੇ ਪਾਸੇ ਨਾਜ਼ਿਮ ਦਾ ਸੁਰ ਉਭਰਦਾ ਹੈ)

**ਨਾਜ਼ਿਮ** : ਹੈਂ... ਅਸੀਮ ਭਾਈ... ਇਹ ਕੀ ਹੋ ਰਿਹਾ ਹੈ? ਇਥੇ ਚਲੇ ਆਓ... ਬਹੁਤ ਜਗ੍ਹਾ ਹੈ। ਪੱਖੇ ਦੀ ਹਵਾ ਵੀ ਆ ਰਹੀ ਹੈ।

(ਅਸੀਮ ਅਪਣੀ ਸੀਟ ਛੱਡਦਾ ਹੈ ਅਤੇ ਚਲਾ ਜਾਂਦਾ ਹੈ। ਸਹਿ-ਯਾਤਰੀ...... ਆਖਿਰ ਕੁਝ ਸ਼ਾਂਤੀ ਹੋਈ... ਅਸੀਮ ਵੀ ਨਾਜ਼ਿਮ ਕੋਲ ਜਾ ਕੇ ਬੈਠ ਜਾਂਦਾ ਹੈ।)

**ਅਸੀਮ** : ਹਾਂ ਅਸੀਂ ਦੋਵੇਂ ਇਸ ਸੀਟ 'ਤੇ ਬੈਠ ਜਾਂਦੇ ਹਾਂ... ਠੀਕ ਹੈ ਨਾਜ਼ਿਮ...

**ਨਾਜ਼ਿਮ** : ਠੀਕ ਹੈ ਭਾਈ... ਤੁਸੀਂ ਚਿੰਤਾ ਨਾ ਕਰੋ... ਸਾਰਾ ਦਿਨ ਕੈਸ਼ ਕਾਊਂਟਰ 'ਤੇ ਬੈਠਾ ਹੀ ਸੀ। ਮੇਰੇ ਲਈ ਖੜ੍ਹੇ ਰਹਿਣਾ ਹੀ ਠੀਕ ਰਹੇਗਾ।

**ਅਸੀਮ** : ਨਾਜ਼ਿਮ ਭਾਈ, ਬਹੁਤ ਸਮੇਂ ਤੋਂ ਮੁਲਾਕਾਤ ਨਹੀਂ ਹੋਈ। ਕਿੱਥੇ ਸੀ?

**ਨਾਜ਼ਿਮ** : ਮੇਰੇ ਖਿਆਲ 'ਚ ਪੂਰੇ ਤਿੰਨ ਸਾਲ ਹੋ ਗਏ। ਇਸ ਦੌਰਾਨ ਮੇਰੀ ਬਦਲੀ ਉੱਤਰ ਪ੍ਰਦੇਸ਼ ਵਿਚ ਹੋ ਗਈ ਸੀ।

**ਅਸੀਮ** : ਅੱਛਾ... ਇਹ ਗੱਲ ਐ...! ਕਿਸੇ ਨੇ ਤੇਰੇ ਬਾਰੇ ਦੱਸਿਆ ਹੀ ਨਹੀਂ। ਮੈਨੂੰ ਇਹ ਤਾਂ ਪਤਾ ਸੀ ਕਿ ਤੇਰਾ ਤਬਾਦਲਾ ਹੋ ਗਿਆ ਹੈ, ਪਰ ਕਿਥੇ, ਇਹ ਨਹੀਂ ਪਤਾ ਲੱਗਿਆ। ਚਲੋ ਅੱਛਾ ਹੁਣ ਤਾਂ ਤੂੰ ਵਾਪਸ ਇਥੇ ਆ ਗਿਆ!

**ਨਾਜ਼ਿਮ** : (ਹੱਸਦੇ ਹੋਏ) ਹਾਂ... ਕੁਝ ਸਮੇਂ ਤਕ ਤਾਂ ਮੈਨੂੰ ਵੀ ਇਹੀ ਲੱਗਦਾ ਹੈ! ਬਸ਼ਰਤੇ ਕਿ ਉੱਚ ਅਧਿਕਾਰੀਆਂ ਦਾ ਮਕਸਦ.. ਮੈਨੂੰ ਬਦਲੀ ਦੇ ਨਾਮ 'ਤੇ ਇੱਕ ਵਾਰ ਮੁੜ ਸਜ਼ਾ ਦੇਣ ਦਾ ਨਾ ਹੋਵੇ!

**ਅਸੀਮ** : ਨਹੀਂ... ਨਹੀਂ... ਅਜਿਹਾ ਕਿਉਂ ਸੋਚਦਾ ਹੈਂ ? ਤੂੰ ਤਾਂ ਮਿਹਨਤੀ ਤੇ ਨਿਸ਼ਠਾਵਾਨ ਹੈਂ। ਆਖਿਰ ਉਹ ਅਜਿਹਾ ਕਿਉਂ ਕਰਨਗੇ। ਸੰਸਥਾ ਲਈ ਤਾਂ ਤੂੰ ਇਕ ਹੀਰਾ ਹੈਂ (ਹੱਸਦਾ ਹੈ)।

**ਨਾਜ਼ਿਮ** : ਇਹ ਤੁਹਾਡਾ ਪਿਆਰ ਹੈ। ਅੱਛਾ, ਇਹ ਦੱਸੋ ਵਰਸਾ ਕੀ ਕਰ ਰਹੀ ਹੈ?

**ਅਸੀਮ** : ਉਹ ਅੰਗਰੇਜ਼ੀ ਵਿਚ ਐਮ ਏ. ਕਰ ਰਹੀ ਹੈ। ਤੇਰੇ ਬਾਰੇ ਪੁੱਛਦੀ ਰਹਿੰਦੀ ਹੈ। ਤੈਨੂੰ ਯਾਦ ਹੈ ਉਹ ਪਿਕਨਿਕ, ਜਿਥੇ ਪੰਜ ਸਾਲ ਪਹਿਲਾਂ, ਆਪਾਂ ਘੁੰਮਣ ਲਈ ਗਏ ਸੀ।

**ਨਾਜ਼ਿਮ** : (ਹੈਰਾਨੀ ਨਾਲ) ਤੁਹਾਨੂੰ ਯਾਦ ਹੈ। ਅੱਜ ਕੱਲ੍ਹ ਕੰਮ ਦੇ ਬੋਝ ਦੇ ਕਾਰਨ ਅਭਿਆਸ ਹੀ ਨਹੀਂ ਕਰ ਪਾਉਂਦਾ।

**ਅਸੀਮ** : ਮੈਂ ਸਮਝ ਸਕਦਾ ਹਾਂ। ਤੇਰੇ ਮਾਤਾ ਜੀ ਕਿਵੇਂ ਨੇ?

**ਨਾਜ਼ਿਮ** : ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਮੈਂ ਉਸ ਸਮੇਂ ਬਾਹਰ ਸੀ।

ਅਸੀਮ : ਓਹ! ਬਹੁਤ ਦੁੱਖ ਦੀ ਗੱਲ ਹੈ! ਭਗਵਾਨ ਤੁਹਾਨੂੰ ਸ਼ਕਤੀ ਦੇਵੇ!

(ਟ੍ਰੇਨ ਵਿਚ ਸਮਾਨ ਵੇਚਣ ਵਾਲਾ: ਜਾਦੂ ਦੀ ਘੜੀ... ਮਨ ਚਾਹੀ ਰੋਸ਼ਨੀ... ਜਿੰਨੀ ਚਾਹੋ ਰੋਸ਼ਨੀ... ਸਿਰਫ 20 ਰੁਪਏ... ਨਾਜ਼ਿਮ ਉਸਨੂੰ ਬੁਲਾਉਂਦਾ ਹੈ)

ਨਾਜ਼ਿਮ : ਆਈਂ ਬਈ ਜ਼ਰਾ ਇਧਰ! ਵਿਖਾ ਖਾਂ ਤੇਰੀ ਇਹ ਜਾਦੂ ਦੀ ਘੜੀ!

ਹਾਕਰ : ਆਇਆ ਸਰ! ਆਹ ਲਓ ਸਰ ਵੇਖ ਲਵੋ ......! ਸਿਰਫ 20 ਰੁਪਏ ਵਿਚ...

ਅਸੀਮ : ਓ.ਕੇ...... ਠੀਕ ਹੈ। ਪਰ, ਇਸ ਵਿਚ ਜਾਦੂ ਦੀ ਕੀ ਗੱਲ ਹੈ?

ਹਾਕਰ : ਵੇਖੋ ਸਰ! ਵੇਖਣ ਵਿੱਚ ਹੀ ਕਿੰਨੀ ਸੋਹਣੀ ਹੈ? ਇਸ ਦਾ ਜਾਦੂ ਇਹ ਐ ਕਿ ਇਸ ਵਿਚ ਊਰਜਾ ਦੇ ਤਿੰਨ ਸ੍ਰੋਤ ਹਨ।

ਨਾਜ਼ਿਮ : ਇਕ ਨਹੀਂ... ਤਿੰਨ... ਤਿੰਨ, ਬੜੀ ਅਜੀਬ ਗੱਲ ਐ!

ਹਾਕਰ : ਸਰ, ਇਸੇ ਲਈ ਤਾਂ ਮੈਂ ਕਹਿ ਰਿਹਾ ਹਾਂ ਇਸਨੂੰ ਜਾਦੂ ਦੀ ਘੜੀ! ਇਹ ਵੇਖੋ... ਇਹ ਰਹੀ ਬੈਟਰੀ... ਸਵਿੱਚ ਦਬਾਓ... ਰੋਸ਼ਨੀ ਆਨ!

ਨਾਜ਼ਿਮ : ਇਹ ਤਾਂ ਠੀਕ ਹੈ... ਮੈਨੂੰ ਵੀ ਦਿਸ ਰਿਹਾ ਹੈ। ਪਰ ਬਾਕੀ ਦੇ ਦੋ?

ਹਾਕਰ : ਸੂਰਜੀ ਊਰਜਾ ਸਰ, ਸੂਰਜੀ ਊਰਜਾ! ਤੁਸੀਂ ਟੀ.ਵੀ. ਦੇ ਵਿਗਿਆਪਨਾਂ 'ਚ ਤਾਂ ਵੇਖਿਆ ਹੀ ਹੋਵੇਗਾ। ਸੂਰਜੀ ਊਰਜਾ ਨੂੰ ਅਪਨਾਉਣ ਤੋਂ ਬਿਨਾ ਤਾਂ ਅਸੀਂ ਵਿਕਾਸ ਦੀ ਰਾਹ ਵਿਚ ਹੀ ਪਿੱਛੇ ਰਹਿ ਜਾਵਾਂਗੇ।

ਅਸੀਮ : ਅੱਛਾ...! ਇਸ ਵਿਚ ਸੂਰਜੀ ਊਰਜਾ ਆਏਗੀ ਕਿਵੇਂ ...! ਇਸ ਸੂਰਜੀ ਊਰਜਾ ਦਾ ਇਸ ਵਿੱਚ ਭੰਡਾਰ ਕਿਵੇਂ ਹੋ ਪਾਏਗਾ?

ਹਾਕਰ : ਵੇਖੋ ਸਰ! ਆਹ ਸਭ ਤੋਂ ਉਪਰ ਜੋ ਦਿਸ ਰਿਹਾ ਹੈ, ਇਹ ਹੈ ਛੋਟਾ ਜਿਹਾ ਸੋਲਰ ਪੈਨਲ। ਤੁਹਾਨੂੰ ਇਸ ਨੂੰ ਕੁਝ ਘੰਟਿਆਂ ਲਈ ਸੂਰਜ ਦੀ ਰੋਸ਼ਨੀ ਵਿਚ ਰੱਖਣਾ ਹੋਵੇਗਾ। ਬਸ, ਸੋਲਰ ਊਰਜਾ ਹਾਜ਼ਰ (ਹੱਸਦਾ ਹੈ)। ਸਰ, ਉਸ ਸੂਰਜੀ ਊਰਜਾ ਦਾ ਭੰਡਾਰਨ ਕਿਵੇਂ ਤੇ ਕਿੱਥੇ ਹੋਵੇਗਾ, ਉਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ। ਮੈਨੂੰ ਤਾਂ ਕੰਪਨੀ ਨੇ ਸੂਰਜੀ ਊਰਜਾ ਨਾਲ ਚੱਲਣ ਦਾ ਪ੍ਰਦਰਸ਼ਨ ਕਰਕੇ ਵਿਖਾ ਦਿੱਤਾ, ਸਿਖਲਾਈ ਦੇ ਦਿੱਤੀ ਤੇ ਵੇਚਣ ਤੋਰ ਦਿੱਤਾ! ਕੰਪਨੀ ਮੈਨੂੰ ਪ੍ਰਤੀ ਪੀਸ ਮੇਰਾ ਕਮਿਸ਼ਨ ਦਿੰਦੀ ਹੈ।

ਅਸੀਮ : ਠੀਕ ਹੈ। ਇਹ ਤਾਂ ਪ੍ਰਸ਼ਨ ਹੀ ਬਹੁਤ ਤਕਨੀਕੀ ਹੈ! ਮੈਨੂੰ ਇਹ ਸਵਾਲ ਕਰਨਾ ਹੀ ਨਹੀਂ ਸੀ ਚਾਹੀਦਾ। ਪਰ ਤੈਨੂੰ ਇਹ ਤਾਂ ਪਤਾ ਹੀ ਹੋਵੇਗਾ ਕਿ ਇਹ ਸਭ ਜਾਣਕਾਰੀ ਸਾਨੂੰ ਕਿਥੋਂ ਮਿਲ ਸਕਦੀ ਹੈ?

ਹਾਕਰ : ਹਾਂ ਸਰ, ਇਸ ਦੇ ਥੱਲੇ ‘ਤੇ ਆਹ ਇਕ ਫੋਨ ਨੰਬਰ ਦਿੱਤਾ ਹੋਇਆ ਹੈ। ਤੁਸੀਂ ਫੋਨ ਕਰਕੇ ਹੋਰ ਜਾਣਕਾਰੀ ਲੈ ਸਕਦੇ ਹੋ।

ਅਸੀਮ : ਠੀਕ ਹੈ, ਉਹ ਤਾਂ ਅਸੀਂ ਕਰ ਲਵਾਂਗੇ। ਅੱਛਾ ਇਹ ਦੱਸ, ਇਸ ਵਿੱਚ ਊਰਜਾ ਦਾ ਤੀਸਰਾ ਸ੍ਰੋਤ ਕੀ ਹੈ?

ਹਾਕਰ : ਸਰ... ਤੁਸੀਂ ਇਹ ਛੋਟਾ ਜਿਹਾ ਪਹੀਆ ਵੇਖ ਹੀ ਰਹੇ ਹੋ ਨਾ...

ਅਸੀਮ : ਹਾਂ! ਪਰ, ਮੈਂ ਤਾਂ ਇਸ ਨੂੰ ਸ਼ੋ-ਪੀਸ ਸਮਝ ਰਿਹਾ ਸੀ!

ਹਾਕਰ : ਨਹੀਂ ਸਰ, ਆਹ ਵੇਖੋ ਨਾ ਇਸ ਨੂੰ ਲੱਗੀ ਹੈ ਇੱਕ ਡੋਰੀ! ਜਦੋਂ ਤੁਸੀਂ ਇਸ ਡੋਰੀ ਨੂੰ ਖਿੱਚ ਕੇ ਛੱਡਦੇ ਹੋ ਤਾਂ ਊਰਜਾ ਪੈਦਾ ਹੁੰਦੀ ਹੈ ਅਤੇ ਇਹ ਬਲਬ ਜਗ ਜਾਂਦਾ ਹੈ।

ਨਾਜ਼ਿਮ : ਅੱਛਾ ਤਾਂ ਇਸ ਵਿਚ ਇਕ ਊਰਜਾ ਸ੍ਰੋਤ ਤੋਂ ਦੂਸਰੇ ਉਪਰ ਵੀ ਜਾਇਆ ਜਾ ਸਕਦਾ ਹੈ।

ਅਸੀਮ : ਯਾਨੀ ਊਰਜਾ ਦੇ ਤਿੰਨ ਰੂਪ; ਰਸਾਇਣਕ, ਸੂਰਜੀ ਤੇ ਯਾਂਤਰਿਕ ਊਰਜਾ... ਹੋਇਆ ਨਾ ਜਾਦੂ (ਹੱਸਦਾ ਹੈ)। ਤੇਰਾ ਕੀ ਖਿਆਲ ਹੈ? ਖਰੀਦ ਲਈਏ! (ਹਾਕਰ ਦੂਸਰੇ ਯਾਤਰੀਆਂ ਦਾ ਧਿਆਨ ਆਕਰਸ਼ਿਤ ਕਰਦਾ ਹੈ। ਤੇਜ਼ ਅਵਾਜ਼ ਵਿਚ ਉਹ ਅਪਣੀ ਗੱਲ ਕਹਿੰਦਾ ਹੈ।)

ਨਾਜ਼ਿਮ : ਮੇਰੇ ਖ਼ਿਆਲ ‘ਚ, ਇਕ ਤਾਂ ਖਰੀਦ ਹੀ ਲਓ, 20 ਰੁਪਏ ਕੋਈ ਵੱਡੀ ਗੱਲ ਵੀ ਨਹੀਂ, ਆਖਿਰ ਇਕ ਜਾਦੂ ਦੀ ਘੜੀ ਜੋ ਲੈ ਰਹੇ ਹਾਂ (ਹੱਸਦੇ ਹੋਏ)।

ਅਸੀਮ : ਠੀਕ ਹੈ... ਤੇਰੀ ਗੱਲ ਮੰਨਦੇ ਹਾਂ... ਅਰੇ ਜਾਦੂਗਰ ਭਾਈ... ਇੱਧਰ ਆਓ। ਮੈਨੂੰ ਇਕ ਘੜੀ ਦੇ ਦਿਓ।

ਹਾਕਰ : ਸਰ, ਇਹ ਤੁਹਾਨੂੰ ਹੋਰ ਕਿਤੋਂ ਨਹੀਂ ਮਿਲੇਗੀ। ਮੇਰੀ ਗੱਲ ਯਾਦ ਰੱਖਣਾ... (ਹਾਕਰ ਪੈਸੇ ਲੈਂਦਾ ਹੈ ਅਤੇ ਚਲਿਆ ਜਾਂਦਾ ਹੈ)...

ਅਸੀਮ : ਇਸ ਦਾ ਡਿਜ਼ਾਈਨ ਤਾਂ ਵੇਖੋ! ਕਿਆ ਮਾਸਟਰ ਪੀਸ ਹੈ? ਉਸ ਨੂੰ ਵੀ ਨਹੀਂ ਪਤਾ ਕਿ ਉਹ ਗਾਹਕਾਂ ਨੂੰ ਅੱਲਾਦੀਨ ਦਾ ਚਿਰਾਗ ਦੇ ਰਿਹਾ ਹੈ (ਹੱਸਦਾ ਹੈ)।

ਨਾਜ਼ਿਮ : ਕਾਸ਼! ਮੇਰੀ ਦੂਰ ਦਰਾਡੇ ਦੀ ਪੋਸਟਿੰਗ ਦੌਰਾਨ ਅਜਿਹਾ ਜਾਦੂ ਦਾ ਲੈਂਪ ਮੇਰੇ ਕੋਲ ਹੁੰਦਾ!

ਅਸੀਮ : ਕੀ ਗੱਲ, ਉੱਥੇ ਬਿਜਲੀ ਨਹੀਂ ਸੀ?

ਨਾਜ਼ਿਮ : ਅਸੀਮ ਭਾਈ, ਅਜਿਹੀ ਗੱਲ ਨਹੀਂ ਹੈ। ਬਿਜਲੀ ਦੇ ਖੰਭੇ ਤਾਂ ਲੱਗੇ ਹੋਏ ਹਨ। ਘਰਾਂ ਵਿਚ ਤਾਰਾਂ ਵੀ ਪਾਈਆਂ ਜਾ ਚੁਕੀਆਂ ਹਨ। ਪਰ ਬਿਜਲੀ ਨਹੀਂ ਆਉਂਦੀ।

ਅਸੀਮ : ਮੈਂ ਕੁਝ ਸਮਝਿਆ ਨਹੀਂ। ਜੇ ਖੰਭੇ ਵੀ ਨੇ, ਤਾਰਾਂ ਵੀ ਘਰਾਂ ਵਿੱਚ ਗਈਆਂ ਨੇ ਤਾਂ ਫਿਰ ਬਿਜਲੀ ਕਿਉਂ ਗੁਲ ਹੈ? ਸਮੱਸਿਆ ਕਿੱਥੇ ਹੈ?

ਨਾਜ਼ਿਮ : ਸਮੱਸਿਆ! ਲੈ ਸੁਣ ਸਮੱਸਿਆ! ਇਹ ਹੈ ਇਕ ਅਜਿਹਾ ਪਿੰਡ, ਜਿਹੜਾ ਪਾਵਰ ਗਰਿੱਡ ਨਾਲ ਕੇਵਲ ਕਾਗਜ਼ਾਂ ਵਿਚ ਹੀ ਜੁੜਿਆ ਹੋਇਆ ਹੈ! ਦੱਸ ਫਿਰ ਬਿਜਲੀ ਕਦੇ ਵੀ ਕਿਵੇਂ ਆਵੇਗੀ!

ਅਸੀਮ : ਫਿਰ ਤਾਂ ਤੈਨੂੰ ਬਹੁਤ ਸਾਰੀਆਂ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ।

ਨਾਜ਼ਿਮ : ਨਹੀਂ! ਐਡੀ ਵੀ ਗੱਲ ਨਹੀਂ ਸੀ! ਇਸ ਦੌਰਾਨ ਮੇਰੇ ਦੋਸਤ ਦੀ ਭੂਮਿਕਾ ਤਾਂ ਮੇਰੇ ਟ੍ਰਾਂਜਿਸਟਰ ਨੇ ਨਿਭਾ ਦਿੱਤੀ! ਪਰ ਰੋਸ਼ਨੀ ਕਰਨ ਲਈ ਮਿੱਟੀ ਦੇ ਤੇਲ ਤੋਂ ਕੰਮ ਲੈਣਾ ਪੈਂਦਾ ਸੀ। ਅਜਿਹੀ ਰੋਸ਼ਨੀ ਵਿਚ ਕੰਮ ਕਰਨਾ…! ਕਿੰਨਾ ਮੁਹਾਲ ? ਬੱਸ ਪੁੱਛੋ ਹੀ ਨਾ…

ਅਸੀਮ : ਯਾਨੀ ਰੇਡੀਓ ਤੋਂ ਇਲਾਵਾ ਮਨੋਰੰਜਨ ਦਾ ਕੋਈ ਸਾਧਨ ਨਹੀਂ। ਟੀ.ਵੀ. ਤਾਂ ਹੋ ਹੀ ਨਹੀਂ ਸਕਦਾ।

ਨਾਜ਼ਿਮ : ਰੇਡੀਓ ਹੀ ਮੇਰਾ ਇਕ ਮਾਤਰ ਦੋਸਤ ਸੀ। ਮੈਂ ਜ਼ਿਆਦਾਤਰ ਪ੍ਰੋਗਰਾਮ ਸੁਣਦਾ ਸੀ, ਸੰਗੀਤ, ਫਿਲਮੀ ਗਾਣੇ, ਬੱਚਿਆਂ ਦੇ ਪ੍ਰੋਗਰਾਮ ਅਤੇ ਇਥੋਂ ਤਕ ਕਿ ਵਿਗਿਆਨ ਦੇ ਪ੍ਰੋਗਰਾਮ ਵੀ…

ਅਸੀਮ : ਕੀ ਗੱਲ ਹੈ? ਮਹਾਂਨਗਰਾਂ ਵਿਚ ਤਾਂ ਲੋਕਾਂ ਨੇ ਰੇਡੀਓ ਸੁਣਨਾ ਹੀ ਬੰਦ ਕਰ ਦਿੱਤਾ! ਇਹ ਸਭ ਟੀ.ਵੀ. ਦੇ ਕਾਰਨ ਹੋਇਆ ਹੈ!

ਨਾਜ਼ਿਮ : ਅਸੀਮ ਭਾਈ ਪਤਾ ਹੈ, ਮੈਨੂੰ ਸੂਰਜੀ ਊਰਜਾ 'ਤੇ ਦਿੱਤੀ ਗਈ ਇਕ ਵਾਰਤਾ ਅਜੇ ਵੀ ਯਾਦ ਹੈ।

(ਫਲੈਸ਼ ਬੈਕ ਵਿਚ ਝਾਕਦੇ ਹੋਏ: ਰੇਡੀਓ ਸੈੱਟ ਦੀ ਧੁਨੀ - ਇਕ ਮਹਿਲਾ ਦੇ ਸੁਰ ਵਿਚ ਵਿਗਿਆਨ ਵਾਰਤਾ ਦਾ ਪ੍ਰਸਾਰਨ)

ਗ਼ੈਰ-ਪਰੰਪਰਾਗਤ ਊਰਜਾ ਸ੍ਰੋਤ, ਕਦੇ ਨਾ ਸਮਾਪਤ ਹੋਣ ਵਾਲੇ ਊਰਜਾ ਦੇ ਭੰਡਾਰ ਹਨ। ਇਸ ਦੇ ਅੰਤਰਗਤ ਇਕ ਨਹੀਂ, ਊਰਜਾਂ ਦੇ ਅਨੇਕਾਂ ਰੂਪਾਂ ਨੂੰ ਲੈ ਸਕਦੇ ਹਾਂ।

ਇਨ੍ਹਾਂ ਵਿਚ ਮੁੱਖ ਹਨ - ਪੌਣ ਊਰਜਾ, ਸੂਰਜੀ ਊਰਜਾ, ਪਣ ਊਰਜਾ, ਜੈਵਿਕ ਊਰਜਾ, ਜਿਓਥਰਮਲ ਊਰਜਾ ਜਵਾਰਭਾਟਾ ਊਰਜਾ ਤੇ ਸਮੁੰਦਰੀ ਜਲ ਤਾਪ ਊਰਜਾ! ਜੈਵਿਕ ਊਰਜਾ, ਖੇਤੀ ਉਤਪਾਦਾਂ ਤੋਂ, ਖੇਤੀ ਦੀ ਰਹਿੰਦ-ਖੂੰਹਦ ਤੋਂ, ਪਰਾਲੀ ਤੋਂ, ਪਸ਼ੂਆਂ ਦੇ ਗੋਬਰ ਤੇ ਮਲ-ਮੂਤਰ ਤੋਂ ਅਤੇ ਘਾਹ-ਫੂਸ ਤੋਂ ਤਿਆਰ ਕੀਤੀ ਜਾਂਦੀ ਹੈ। ਜਿਓਥਰਮਲ ਊਰਜਾ, ਧਰਤੀ ਦੇ ਗਰਭ ਵਿਚੋਂ ਨਿਕਲਣ ਵਾਲੀ ਤਾਪ ਊਰਜਾ ਦਾ ਰੂਪ ਹੈ - ਜਿਵੇਂ ਕਿ ਗਰਮ ਪਾਣੀ ਦੇ ਝਰਨੇ ਆਦਿ...। ਜਵਾਰ ਭਾਟੇ ਵਾਲੀ ਊਰਜਾ ਸਮੁੰਦਰ ਦੀ ਯਾਂਤਰਿਕ ਊਰਜਾ ਤੋਂ ਮਿਲਦੀ ਹੈ ਜਦ ਕਿ ਸਮੁੰਦਰੀ ਪਾਣੀ ਦੇ ਤਾਪ ਤੋਂ ਵੀ ਊਰਜਾ ਪੈਦਾ ਕੀਤੀ ਜਾਂਦੀ ਹੈ...... ਹੌਲੀ-ਹੌਲੀ- ਅਵਾਜ਼ ਮੰਦ ਪੈ ਜਾਂਦੀ ਹੈ।

ਨਾਜ਼ਿਮ : ਕਦੇ-ਕਦੇ ਜਦੋਂ ਮੈਂ, ਸੜਕ ਦੀ ਰੋਸ਼ਨੀ (ਸਟ੍ਰੀਟ ਲਾਈਟ) ਵੱਲ ਵੇਖਦਾ ਹਾਂ ਤਾਂ ਸੋਚਦਾ ਹਾਂ ਕਿ ਕੀ ਅਸੀਂ ਟਿਕਾਊ ਵਿਕਾਸ ਦਾ ਮਤਲਬ ਵੀ ਸਮਝਦੇ ਹਾਂ?

ਅਸੀਮ : (ਹੱਸਦੇ ਹੋਏ) ਤੇਰੇ ਤਬਾਦਲੇ ਨੇ ਤਾਂ ਬਦਲ ਹੀ ਦਿੱਤਾ ਹੈ ਤੈਨੂੰ! ਇਹ ਤਾਂ ਮੈਂ ਸਪਸ਼ਟ ਵੇਖ ਰਿਹਾ ਹਾਂ। ਮੈਨੂੰ ਵੀ ਵਾਤਾਵਰਨ ਦੀ ਸੰਭਾਲ ‘ਤੇ ਚਰਚਾ ਕਰਨਾ ਬਹੁਤ ਜ਼ਿਆਦਾ ਪਸੰਦ ਹੈ, ਪਰ ਮੇਰਾ ਸਟੇਸ਼ਨ ਜੋ ਆ ਰਿਹਾ ਹੈ। ਹੁਣ ਤਾਂ ਉਤਰਨਾ ਹੀ ਪਵੇਗਾ - ਪਰ ਫੇਰ ਕਦੇ ਪਿੰਡਾਂ ਦੇ ਅਨੁਭਵ ਨੂੰ ਜਰੂਰ ਜਾਣਨਾ ਚਾਹਾਂਗਾ!

ਨਾਜ਼ਿਮ : ਹਾਂ ਅਸੀਮ ਦਾ...! ਮੈਂ ਕਿਸੇ ਦਿਨ ਫੋਨ ਕਰਕੇ ਤੁਹਾਡੇ ਘਰ ਪਹੁੰਚਦਾ ਹਾਂ।

ਅਸੀਮ : ਮੈਨੂੰ ਬਹੁਤ ਖ਼ੁਸ਼ੀ ਹੋਵੇਗੀ (ਦੋਵੇਂ ਹੱਸਦੇ ਹਨ)।

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**(ਦ੍ਰਿਸ਼ ਬਦਲਾਅ ਸੰਗੀਤ ..............................ਮੱਧਮ ਪੈਂਦਾ ਹੈ)**

(ਬੈਂਕ ਵਿੱਚ ਨਾਜ਼ਿਮ ਪਹੁੰਚਦਾ ਹੈ ਅਤੇ ਆਪਣੀ ਮੈਨੇਜਰ ਦੇ ਕਮਰੇ ਵਿੱਚ ਜਾਂਦਾ ਹੈ ਤੇ ਗਲ ਬਾਤ ਸੁਰੂ ਹੁੰਦੀ ਹੈ)

ਨਾਜ਼ਿਮ : ਰਵੀ ਕਹਿ ਰਿਹਾ ਸੀ ਕਿ ਪ੍ਰਬੰਧਕ ਸਾਹਿਬਾ ਮਿਲਣਾ ਚਾਹੁੰਦੇ ਹਨ। ਮੈਡਮ... ਕੀ ਮੇਰੇ ਤੋਂ ਕੋਈ ਗਲਤੀ ਹੋਈ ਹੈ।

ਰੀਟਾ : ਨਾਜ਼ਿਮ! ਅਜਿਹੀ ਕੋਈ ਗੱਲ ਨਹੀਂ! ਸਭ ਠੀਕ ਹੈ! ਤੁਸੀਂ ਅਜਿਹਾ ਕਿਉਂ ਸੋਚਦੇ ਹੋ? ਸਭ

ਜਾਣਦੇ ਹਨ ਕਿ ਤੁਸੀਂ ਕਿੰਨੇ ਚੰਗੇ ਹੋ। ਅੱਜ ਤਾਂ ਗੱਲ ਹੀ ਕੁਝ ਹੋਰ ਹੈ। ਮੈਂ ਤੁਹਾਨੂੰ ਕੁਝ ਜ਼ਿੰਮੇਵਾਰੀਆਂ ਦੇਣਾ ਚਾਹੁੰਦੀ ਹਾਂ ਕਿਉਂਕਿ ਤੁਸੀਂ ਉਨ੍ਹਾਂ ਨੂੰ ਬਾ-ਖ਼ੂਬੀ ਨਿਭਾ ਸਕਦੇ ਹੋ।

ਨਾਜ਼ਿਮ : ਮੇਰੇ ਲਈ ਇਹ ਮਾਨ ਦੀ ਗੱਲ ਹੈ। ਪਰ ਦੂਸਰੇ ਪਾਸੇ ਇਕ ਡਰ ਵੀ ਹੈ। ਅੱਛਾ, ਕਿਹੜੀਆਂ ਹਨ ਉਹ ਜ਼ਿੰਮੇਵਾਰੀਆਂ?

ਰੀਟਾ : ਕੁਝ ਲੋਕਾਂ ਨੇ ਸਵੈ-ਰੁਜ਼ਗਾਰ ਲਈ ਪ੍ਰਾਰਥਨਾ ਪੱਤਰ ਦਿੱਤੇ ਹਨ। ਉਹ ਗ਼ੈਰ-ਰਵਾਇਤੀ ਅਤੇ ਟਿਕਾਊ ਊਰਜਾ ਦੇ ਖੇਤਰ ਵਿਚ ਕੰਮ ਕਰਨਾ ਚਾਹੁੰਦੇ ਹਨ। ਲੋਨ ਦੇਣਾ ਸਾਡਾ ਕਰਤੱਵ ਵੀ ਹੈ ਅਤੇ ਫਰਜ਼ ਵੀ। ਪਰ ਸਾਡੇ ਲਈ ਇਹ ਨਵਾਂ ਖੇਤਰ ਹੈ।

ਨਾਜ਼ਿਮ : ਓਹ! ਅੱਛਾ ਤਾਂ ਕੀ ਗੱਲ ਹੈ? ਕੀ ਉਨ੍ਹਾਂ ਦੇ ਪ੍ਰਾਰਥਨਾ ਪੱਤਰ ਵਿਚ ਕੋਈ ਕਮੀ ਹੈ?

ਰੀਟਾ : ਨਾਜ਼ਿਮ, ਅਜਿਹਾ ਕੁੱਝ ਵੀ ਨਹੀਂ! ਕਹਾਣੀ ਤਾਂ ਕੁਝ ਹੋਰ ਹੀ ਹੈ! ਤੁਸੀਂ ਉਸ ਨੂੰ ਸਮਝ ਲਓ ਅਤੇ ਸੁਝਾਅ ਦਿਓ ਕਿ ਕੀ ਕੀਤਾ ਜਾਏ?

ਨਾਜ਼ਿਮ : ਮੈ'ਮ ਕੀ ਹੈ ਕਹਾਣੀ ਜਿਸ ਵਿੱਚ ਮੈਂ ਦੇਣਾ ਹੈ ਸੁਝਾਅ ਆਪਣਾ?

ਰੀਟਾ : ਉਨ੍ਹਾਂ ਦੇ ਕਾਗਜਾਤ ਤਾਂ ਪੂਰੀ ਤਰ੍ਹਾਂ ਮੁਕੰਮਲ ਹਨ ਪਰ ਮੈਨੂੰ ਨਹੀਂ ਸਮਝ ਆ ਰਹੀ ਕਿ ਕੀ ਉਹ ਇਸ ਖੇਤਰ ਵਿਚ ਸਫਲ ਹੋ ਪਾਉਣਗੇ ਜਾਂ ਨਹੀਂ? ਆਪ ਤਾਂ ਜਾਣਦੇ ਹੀ ਹੋ ਜਿਥੇ ਬੈਂਕ ਲੋਨ ਦੇਣਾ ਚਾਹੁੰਦਾ ਹੈ ਉਥੇ ਕਰਜੇ ਦੀ ਵਾਪਸੀ ਦੀ ਸਮਰੱਥਾ ਵੀ ਯਕੀਨਨ ਜਾਣਨਾ ਚਾਹੁੰਦਾ ਹੈ ਤਾ ਕਿ ਕਰਜਾ ਮਰ ਨਾ ਜਾਵੇ ਅਤੇ ਵੱਟੇ ਖਾਤੇ ਨਾ ਪਾਉਣਾ ਪੈ ਜਾਵੇ!

ਨਾਜ਼ਿਮ : ਅੱਛਾ...! ਦੱਸੋ ਮੈ'ਮ! ਕੀ ਕਰਨਾ ਹੈ ਮੈਂ? ਕੀ ਹਨ ਆਪ ਦੀਆਂ ਉਮੀਦਾਂ ਮੇਰੇ ਕੋਲੋਂ!

ਰੀਟਾ : ਕੁਝ ਖ਼ਾਸ ਨਹੀਂ! ਬਸ ਤੁਸੀਂ ਉਨ੍ਹਾਂ ਨੂੰ ਮਿਲ ਕੇ ਜਾਣਨ ਦਾ ਯਤਨ ਕਰੋ ਕਿ ਇਸ ਉਦਮ ਦੀਆਂ ਕਿੰਨੀਆਂ ਕੁ ਨੇ ਸੰਭਾਵਨਾਵਾਂ! ਮੇਰੇ ਵਿਚਾਰ ਵਿਚ, ਇਹ ਨਵਾਂ ਫੀਲਡ ਹੈ ਅਤੇ ਗ਼ੈਰ ਰਵਾਇਤੀ ਊਰਜਾ ਦਾ ਬੋਲਬਾਲਾ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਹੋਣ ਕਰਕੇ ਜਾਹਰਾ ਤੌਰ 'ਤੇ ਤਾਂ ਇਸ ਵਿਚ ਅਪਾਰ ਸੰਭਾਵਨਾਵਾਂ ਹਨ। ਅੱਗੇ ਚਲ ਕੇ ਹੋਰ ਲੋਕ ਵੀ ਲੋਨ ਲੈਣ ਲਈ ਆ ਸਕਦੇ ਹਨ।

ਨਾਜ਼ਿਮ : ਅੱਛਾ ਤਾਂ ਮੇਰਾ ਇਥੇ, ਇਹ ਪਹਿਲਾ ਇਮਤਿਹਾਨ ਹੈ (ਦੋਵੇਂ ਹੱਸਦੇ ਹਨ)।

ਰੀਟਾ : ਮੈਨੂੰ ਪਤਾ ਹੈ ਕਿ ਤੁਹਾਡੇ ਲਈ ਇਹ ਵਾਧੂ ਭਾਰ ਹੈ। ਪਰ ਇਹ ਕੰਮ ਜਰੂਰੀ ਹੈ! ਮੈਂ ਨਹੀਂ

ਚਾਹੁੰਦੀ ਕਿ ਬੈਂਕ ‘ਤੇ ਅੱਗੇ ਚਲ ਕੇ ਬੈਡ ਲੋਨ ਦਾ ਭਾਰ ਪਏ!

**ਨਾਜ਼ਿਮ** : ਠੀਕ ਹੈ! ਮੈਨੂੰ ਸਮਝ ਆ ਗਿਆ ਕਿ ਮੈਂ ਇਸ ਪ੍ਰੋਜੈਕਟ ਦੀਆਂ ਸੰਭਾਵਨਾਵਾਂ ਦੀ ਅਤੇ ਉਨ੍ਹਾਂ ਦੀ ਲੋਨ ਵਾਪਸ ਕਰਨ ਦੀ ਸਮਰੱਥਾ ਪੈਦਾ ਹੋਣ ਦੀਆਂ ਸੰਭਾਵਨਾਵਾਂ ਲੱਭਣੀਆਂ ਹਨ।

**ਰੀਟਾ** : ਸਹੀ ਕਿਹਾ। ਮੈਂ ਅੱਜ ਹੀ ਦਫਤਰੀ ਹੁਕਮ ਜਾਰੀ ਕਰਦੀ ਹਾਂ, ਪਰ ਮਾਮਲੇ ਨੂੰ ਗੁਪਤ ਰੱਖਣ ਲਈ ਉਸ ਹੁਕਮ ਵਿਚ ਤੁਹਾਨੂੰ ਮੁੱਖ ਦਫਤਰ ਵਿਚ ਜਾਣ ਦਾ ਆਦੇਸ਼ ਹੋਵੇਗਾ।

**ਨਾਜ਼ਿਮ** : ਮੈਂ ਸਮਝਿਆ...... ਮੈਂ ਊਰਜਾ ਖੇਤਰ ਵਿਚ ਉਭਰ ਰਹੀਆਂ ਸੰਭਾਵਨਾਵਾਂ ਨੂੰ ਲੱਭਣਾ ਹੈ।

**ਰੀਟਾ** : ਮੇਰੀਆਂ ਸ਼ੁਭਕਾਮਨਾਵਾਂ ਤੁਹਾਡੇ ਨਾਲ ਹਨ।

**ਨਾਜ਼ਿਮ** : ਧੰਨਵਾਦ ਮੈਡਮ!

ਨਾਜ਼ਿਮ ਪ੍ਰਬੰਧਕ ਦੇ ਚੈਂਬਰ ਤੋਂ ਬਾਹਰ ਆਉਂਦਾ ਹੈ ਅਤੇ ਸੁੰਦਰਬਨ ਜਾਣ ਵਾਸਤੇ ਤਿਆਰ ਹੁੰਦਾ ਹੈ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

(ਨਾਜ਼ਿਮ ਸੁੰਦਰ ਬਨ ਵਿਚ ਪਹੁੰਚੇ ਹਨ, ਇੱਥੇ ਉਹ ਲੋਕਾਂ ਨਾਲ ਅਤੇ ਸੰਜੀਵ ਵਰਗੇ ਉੱਦਮੀਆਂ ਨਾਲ ਚਰਚਾ ਕਰ ਰਹੇ ਹਨ ਜਿਹੜੇ ਉਸ ਨੂੰ ਆਪਣੇ ਹੁਣ ਤੱਕ ਦੇ ਯਤਨਾਂ ਦੇ ਅਨੁਭਵ ਬਾਬਤ ਵਿਸਤਾਰ ਨਾਲ ਦੱਸਦੇ ਹਨ)

**ਨਾਜ਼ਿਮ** : ਸੰਜੀਵ ਭਾਈ, ਲੱਗਦਾ ਹੈ ਤੁਹਾਨੂੰ ਕਈ ਸਾਰੇ ਅਸਫਲ ਯਤਨਾਂ ਨਾਲ ਜੂਝਣਾ ਪਿਆ ਹੈ। ਨਵੇਂ ਉੱਦਮੀਆਂ ਦੀ ਆਮ ਤੌਰ ‘ਤੇ ਇਹੀ ਕਹਾਣੀ ਹੁੰਦੀ ਹੈ।

**ਸੰਜੀਵ** : ਹਾਂ ਮੈਂ ਬਹੁਤ ਸਾਰੇ ਯਤਨ ਕੀਤੇ ਹਨ! ਪਰ ਮੈਂ ਉਨ੍ਹਾਂ ਨੂੰ ਅਸਫਲ ਯਤਨ ਨਹੀਂ ਕਹਿੰਦਾ! ਵੇਖੋ, ਹਰ ਯਤਨ ਵਿਚ ਕੁਝ ਸਿੱਖਣ ਨੂੰ ਮਿਲਦਾ ਹੈ। ਜੇਕਰ ਤੁਸੀਂ ਸਫਲ ਹੋਣਾ ਹੈ ਤਾਂ ਬਹੁਤ ਕੁਝ ਸਿੱਖਣਾ ਅਤੇ ਜਾਣਨਾ ਪਵੇਗਾ। ਜਿਨ੍ਹਾਂ ਉੱਦਮਾਂ ਦੀ ਮੈਂ ਚਰਚਾ ਕੀਤੀ ਹੈ, ਉਨ੍ਹਾਂ ਵਿੱਚ ਮੇਰੇ ਲਈ ਨਵਾਂ ਸਿੱਖਣ ਦੇ ਰੂਪ ਵਿਚ ਬਹੁਤ ਸਾਰੇ ਅਨੁਭਵ ਸਨ।

**ਨਾਜ਼ਿਮ** : ਸਾਡੇ ਬੈਂਕ ਦਾ ਮੰਨਣਾ ਹੈ ਕਿ ਅੱਗੇ ਚੱਲ ਕੇ ਇਸ ਖੇਤਰ ਵਿਚ ਕਈ ਨਵੇਂ ਉਦਮੀ ਆਉਣਗੇ। ਉਹ ਲੋਨ ਵੀ ਲੈਣਾ ਚਾਹੁਣਗੇ।

ਸੰਜੀਵ : ਇਹ ਸੁਭਾਵਿਕ ਹੈ। ਜਲਵਾਯੂ ਵਿਚ ਹੋ ਰਹੇ ਪਰਿਵਰਤਨਾਂ ਨਾਲ ਲੜਣ ਲਈ ਟਿਕਾਊ ਊਰਜਾ ‘ਤੇ ਨਿਰਭਰਤਾ ਵਧਾਉਣੀ ਹੀ ਇਕਮਾਤਰ ਰਸਤਾ ਬਚਦਾ ਹੈ।

ਨਾਜ਼ਿਮ : ਕਹਿਣ ਵਾਸਤੇ ਤਾਂ ਲੋਕ ਇਹੀ ਕਹਿੰਦੇ ਹਨ। ਪਰ ਮੇਰਾ ਸਵਾਲ ਹੈ ਕਿ ਤੁਹਾਨੂੰ ਪਿੰਡਾਂ ਵਿਚ ਆ ਕੇ ਕੰਮ ਕਰਨ ਦੀ ਕੀ ਜ਼ਰੂਰਤ ਪੈ ਗਈ। ਸ਼ਹਿਰਾਂ ਵਿਚ ਤਾਂ ਹੋਰ ਵੀ ਜ਼ਿਆਦਾ ਸੰਭਾਵਨਾ ਹੋ ਸਕਦੀ ਸੀ।

ਸੰਜੀਵ : ਪਹਿਲਾਂ ਮੈਨੂੰ ਕੁੱਝ ਅਹਿਮ ਮੁੱਦੇ ਸਪਸ਼ਟ ਕਰਨ ਦਿਓ! ਸੰਯੁਕਤ ਰਾਸ਼ਟਰ ਸੰਘ ਦੀ ਇਕ ਰਿਪੋਰਟ ਕਹਿੰਦੀ ਹੈ ਕਿ...

ਨਾਜ਼ਿਮ : ਮੇਰੇ ਖ਼ਿਆਲ ‘ਚ, ਅਸੀਂ ਕਿਤੇ ਹੋਰ ਬੈਠ ਕੇ ਖੁੱਲੀ ਚਰਚਾ ਕਰਕੇ ਕਿਸੇ ਠੋਸ ਨਤੀਜੇ ‘ਤੇ ਪਹੁੰਚ ਸਕਦੇ ਹਾਂ। ਕਿਉਂ ਨਾ ਉਸ ਚਾਹ ਦੀ ਥੜ੍ਹੀ ‘ਤੇ ਚੱਲੀਏ?

ਸੰਜੀਵ : ਹਾਂ ਜੀ! ਇਹ ਠੀਕ ਰਹੇਗਾ। ਤੁਹਾਨੂੰ ਇਹ ਜਾਣਕੇ ਖ਼ੁਸ਼ੀ ਹੋਵੇਗੀ ਕਿ ਇਹ ਚਾਹ ਵਾਲਾ ਮੇਰੇ ਨਵੇਂ ਪ੍ਰੋਪੋਜ਼ਲ ਤੋਂ ਬਹੁਤ ਖ਼ੁਸ਼ ਹੈ।

ਨਾਜ਼ਿਮ : ਅੱਛਾ! ਤਾਂ ਠੀਕ ਹੈ! ਉਸੇ ਕੋਲ ਚਲਦੇ ਹਾਂ ਉਸ ਦੀ ਚਾਹ ਤਾਂ ਜ਼ਰੂਰ ਪੀਣੀ ਚਾਹੀਦੀ ਹੈ (ਦੋਵੇਂ ਹੱਸਦੇ ਹਨ)

ਸੰਜੀਵ : ਮੰਗੂ ਭਾਈ, ਦੋ ਕੱਪ ਚਾਹ! ਉਹੀ ਸਪੈਸ਼ਲ ਵਾਲੀ ਅਤੇ ਹਾਂ ਚੀਨੀ ਘੱਟ...

ਨਾਜ਼ਿਮ : ਇੱਧਰ ਬੈਠੋ। ਅਖਿਰ ਬੱਦਲਾਂ ਨੇ ਵੀ ਅਪਣਾ ਪੂਰਾ ਖਿਆਲ ਰੱਖਿਆ ਹੈ। ਉਹ ਵੀ ਚਾਹੁੰਦੇ ਹਨ... ਕਿ ਆਪਣੀ ਚਰਚਾ ਨਿਰ-ਵਿਘਨ ਜਾਰੀ ਰਹੇ।

ਸੰਜੀਵ : ਤੁਹਾਡੇ ਕੋਲ ਗੱਲ ਕਰਨ ਦੀ ਕਲਾ ਬਹੁਤ ਹੀ ਵਧੀਆ ਹੈ। ...I like it...

ਨਾਜ਼ਿਮ : ਧੰਨਵਾਦ। ਅੱਛਾ ਮੈਨੂੰ ਅਪਣੇ ਪਲਾਨ ਬਾਰੇ ਸਮਝਾਓ। ਮੈਂ ਕੁਝ ਸਿੱਖਣਾ ਚਾਹੁੰਦਾ ਹਾਂ।

ਸੰਜੀਵ : ਵੇਖੋ - ਭਾਰਤ ਪਿੰਡਾਂ ਦਾ ਦੇਸ਼ ਹੈ। ਇਥੇ 70% ਆਬਾਦੀ ਪਿੰਡਾਂ ਵਿਚ ਵਸਦੀ ਹੈ। ਇਸ ਪ੍ਰਕਾਰ, ਸਾਡੇ ਦੇਸ਼ ਦਾ ਵਿਕਾਸ ਅਤੇ ਪ੍ਰਗਤੀ ਪਿੰਡਾਂ ਨਾਲ ਜੁੜੀ ਹੋਈ ਹੈ।

ਨਾਜ਼ਿਮ : ਪਿੰਡਾਂ ਵਿੱਚ ਤਾਂ ਬਿਜਲੀਕਰਨ ਬਹੁਤ ਤੇਜ਼ੀ ਨਾਲ ਹੋਇਆ ਹੈ, ਇਸ ਲਈ ਮੈਂ ਆਪ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ।

ਸੰਜੀਵ : ਨਹੀਂ ਜੀ ਤੱਥ ਤਾਂ ਇਹ ਹਨ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਯਤਨਾਂ ਦੇ ਬਾਵਜੂਦ ਵੀ ਅਜੇ ਤੱਕ ਪਿੰਡਾਂ ਦਾ ਲੋੜੀਂਦਾ ਬਿਜਲੀਕਰਨ ਨਹੀਂ ਹੋ ਪਾਇਆ ਹੈ। ਵਿਸ਼ਵ ਪੱਧਰ 'ਤੇ ਅਸੀਂ ਅਜੇ ਬਹੁਤ ਪਿੱਛੇ ਹਾਂ।

ਨਾਜ਼ਿਮ : ਪਛੜੇਪਨ ਦੀ ਆਪ ਦੀ ਇਹ ਗੱਲ ਤਾਂ ਠੀਕ ਹੈ।

ਸੰਜੀਵ : ਵੇਖੋ, ਸਾਡੇ ਅੰਦਾਜ਼ਿਆਂ ਵਿਚ ਕੁਝ ਕਮੀਆਂ ਹੋ ਸਕਦੀਆਂ ਹਨ। ਪਹਿਲਾਂ ਇਸ ਗਿਣਤੀ-ਮਿਣਤੀ ਲਈ ਬਿਜਲੀ ਲਾਈਨ ਦੇ ਨਾਲ ਜੋੜੇ ਗਏ ਪਿੰਡਾਂ ਨੂੰ ਵੇਖਿਆ ਜਾਂਦਾ ਸੀ। ਕਿੰਨੇ ਘਰਾਂ ਵਿਚ ਬਿਜਲੀ ਆ ਗਈ ਹੈ, ਇਸ ਦਾ ਕੋਈ ਮਾਇਨਾ ਨਹੀਂ ਸੀ?

ਨਾਜ਼ਿਮ : ਪਰ ਇਸ ਤਰ੍ਹਾਂ ਦੀ ਗਣਨਾ ਵਿਚ ਕੀ ਗਲਤ ਹੈ?

ਸੰਜੀਵ : ਗਲਤ? ਲਓ ਸੁਣੋ! ਮੈਂ ਤੁਹਾਨੂੰ ਦੱਸਦਾ ਹਾਂ। ਇਸ ਤਰ੍ਹਾਂ ਦੀ ਗਣਨਾ ਵਿਚ ਇਹ ਤੱਥ ਤਾਂ ਕਿਤੇ ਨਜ਼ਰ ਹੀ ਨਹੀਂ ਸੀ ਪੈਂਦਾ ਕਿ ਬਿਜਲੀ ਤੱਕ ਪਹੁੰਚ ਹਕੀਕਤ ਵਿੱਚ ਕਿੰਨੇ ਕੁ ਘਰਾਂ ਦੀ ਹੋਈ ਹੈ! ਕੀ ਕਿਸੇ ਘਰ ਨੂੰ ਬਿਜਲੀ ਮਿਲੀ ਵੀ ਹੈ ਜਾਂ ਨਹੀਂ! ਕਿਸੇ ਪਿੰਡ /ਬਸਤੀ /ਆਬਾਦੀ ਦੇ ਕਿੰਨੇ ਪ੍ਰਤੀਸ਼ਤ ਘਰਾਂ ਵਿਚ ਬਿਜਲੀ ਪਹੁੰਚੀ ਹੈ।

ਨਾਜ਼ਿਮ : ਹੁਣ ਮੈਂ ਸਮਝਿਆ। ਤੇਰੀ ਗੱਲ ਵਿਚ... ਦਮ ਹੈ, (ਹੱਸਦਾ ਹੈ)

ਸੰਜੀਵ : ਇਸ ਤਰ੍ਹਾਂ ਦੀ ਗਣਨਾ ਦਾ ਵੱਡਾ ਦੋਸ਼ ਇਹ ਸੀ ਕਿ ਸਾਡੇ ਦੇਸ਼ ਵਿਚ ਬਿਜਲੀ ਦੀ ਲਾਈਨ ਜੇਕਰ ਪਿੰਡਾਂ ਵਿਚ ਪਹੁੰਚ ਗਈ ਤਾਂ ਮੰਨ ਲੈਂਦੇ ਸਨ ਕਿ ਉੱਥੇ ਬਿਜਲੀਕਰਨ ਹੋ ਗਿਆ ਹੈ। ਇਸ ਤਰ੍ਹਾਂ 94.5% ਪਿੰਡਾਂ ਵਿਚ ਬਿਜਲੀ ਤਾਂ ਪਹੁੰਚੀ, ਪਰ ਕਿੰਨੇ ਘਰਾਂ ਵਿਚ ਪਹੁੰਚੀ, ਇਹ ਕੋਈ ਨਹੀਂ ਜਾਣਦਾ ਸੀ?

ਨਾਜ਼ਿਮ : ਪਰ ਤੁਸੀਂ ਵੀ ਤਾਂ ਅਪਣੇ ਪਿੰਡਾਂ ਵਿਚ ਇਹੀ ਵੇਖਿਆ ਹੈ।

ਸੰਜੀਵ : ਹਾਂ... ਇਹੀ ਗੱਲ ਹੈ। ਦੂਰ-ਦਰਾਜ ਦੇ ਖੇਤਰਾਂ ਵਿਚ ਅਤੇ ਛੋਟੀਆਂ-ਛੋਟੀਆਂ ਢਾਣੀਆਂ ਵਿਚ

ਜਿੱਥੇ ਬਿਜਲੀ ਦੀਆਂ ਲਾਈਨਾਂ ਵੀ ਨਹੀਂ ਪਹੁੰਚੀਆਂ, ਉਥੇ ਨਵੀਨੀਕ੍ਰਿਤ ਅਤੇ ਗ਼ੈਰ-ਪਰੰਪਰਾਗਤ ਊਰਜਾ ਸਾਧਨਾਂ ਦਾ ਸਹਾਰਾ ਲਿਆ ਗਿਆ ਹੈ।

ਨਾਜ਼ਿਮ : ਤੁਸੀਂ ਇਹ ਤਾਂ ਵਧੀਆ ਗੱਲ ਕਹੀ ਹੈ। ਪਰ ਇਹ ਬਦਲਾਅ ਕਿੰਨਾ ਹੋ ਪਾਇਆ ਹੈ। ਸੂਰਜੀ-ਊਰਜਾ, ਗੋਬਰ-ਗੈਸ ਅਤੇ ਲਘੂ ਜਲ-ਯੰਤਰਾਂ ਦਾ ਕਿੰਨਾ ਉਪਯੋਗ ਹੋ ਰਿਹਾ ਹੈ, ਅਜੇ ਕਹਿਣਾ

ਮੁਸ਼ਕਿਲ ਹੈ।

ਸੰਜੀਵ : ਪਰ ਪੰਜਾਬ ਵਿੱਚ ਤਾਂ ਬਹੁਤ ਸਾਰੀਆਂ ਝਾਲਾਂ ‘ਤੇ ਮਾਈਕਰੋ ਪਾਵਰ ਪਲਾਂਟ ਲਗਾਏ ਗਏ ਹਨ, ਕਈ ਤਾਂ ਕੰਮ ਵੀ ਕਰ ਰਹੇ ਹਨ!

ਨਾਜ਼ਿਮ : ਹਾਂ ਰੋਹਟੀ ਦੇ ਪੁਲ, ਬਬਨਪੁਰ ਵਾਲੀ ਨਹਿਰ, ਨਦਾਮਪੁਰ ਵਾਲੀ ਨਹਿਰ, ਅਪਰ ਬਾਰੀ ਦੁਆਬ ਆਦਿ ਬਹੁਤ ਸਾਰੀਆਂ ਨਹਿਰਾਂ ਤੇ ਸੂਏ ਅਜਿਹੇ ਹਨ ਜਿੱਥੇ ਮਾਈਕਰੋ ਯਾਣੀ ਲਘੂ ਜਲ ਬਿਜਲੀ ਘਰ ਬਣਾਏ ਗਏ ਹਨ!

ਸੰਜੀਵ : ਪਰਾਲੀ ਤੋਂ ਬਿਜਲੀ ਦਾ ਪਲਾਂਟ ਵੀ ਤਾਂ ਜਲਖੇੜੀ (ਫਤਿਹਗੜ੍ਹ ਸਾਹਿਬ) ਵਿਖੇ ਜੋ ਲਗਾਇਆ ਗਿਆ ਸੀ ਮੁੜ ਚਾਲੂ ਹੋ ਰਿਹਾ ਹੈ ਜਿਸ ਵਿੱਚ 80 ਹਜਾਰ ਮੀਟਰਿਕ ਟਨ ਪਰਾਲੀ ਦਾ ਨਿਪਟਾਰਾ ਵੀ ਹੋ ਜਾਵੇਗਾ! ਸੌਰ ਊਰਜਾ ਬਿਜਲੀ ਪਲਾਂਟ, 8100 ਗੋਬਰ ਗੈਸ ਪਲਾਂਟ, ਲੁਧਿਆਣਾ ਦੇ ਕਨੇਚ ਵਿਖੇ ਭਾਰਤ ਦਾ ਸੱਭ ਤੋਂ ਵੱਡਾ ਸੂਰਜੀ ਗਰਮੀ ਪ੍ਰਣਾਲੀ ਪਾਣੀ ਨੂੰ ਭਾਫ ਬਣਾ ਕੇ ਠੰਢਾ ਕਰਨ ਦੀ ਲਗਾਈ ਹੈ ਜਿੱਥੇ ਇੱਕ ਲੱਖ ਲੀਟਰ ਪਾਣੀ ਰੋਜਾਨਾ ਭਾਫ ਬਣਾਇਆ ਜਾਂਦਾ ਹੈ।

ਨਾਜ਼ਿਮ : ਹੁਣ ਤਾਂ 100 ਸੋਲਰ ਪੰਪ ਵੀ ਚਾਲੂ ਕਰ ਦਿੱਤੇ ਗਏ ਹਨ, ਇਨ੍ਹਾਂ ਪੰਪਾਂ ‘ਤੇ ਤਾਂ 90% ਸਬਸਿਡੀ ਵੀ ਦਿੱਤੀ ਜਾਂਦੀ ਹੈ! ਸਰਕਾਰੀ ਇਮਾਰਤਾਂ ਤੇ ਵੀ ਸੋਲਰ ਪੈਨਲ ਲੱਗ ਰਹੇ ਹਨ, ਸੈਕਟਰ 9 ਚੰਡੀਗੜ੍ਹ ਵਿਖੇ ਪੰਜਾਬ ਦੀ ਸਕੱਤਰੇਤ ਵਿੱਚ ਬਹੁਤ ਵੱਡੀ ਸੋਲਰ ਪੈਲਨ ਕਤਾਰਬੰਦੀ ਹੈ! ਸਰਕਾਰ ਗ਼ੈਰ ਰਵਾਇਤੀ ਊਰਜਾ ਸ੍ਰੋਤਾਂ ਵਿੱਚ 70% ਤੱਕ ਸਬਸਿਡੀ ਵੀ ਦਿੰਦੀ ਹੈ!

ਸੰਜੀਵ : ਮੈਂ ਤੁਹਾਡੀ ਸਰਾਹਨਾ ਕਰਦਾ ਹਾਂ। ਨਵੀਂ ਅਤੇ ਨਵੀਨੀਕਰਨ ਊਰਜਾ ਵਿਭਾਗ ਇਸ ਦਿਸ਼ਾ ਵਿਚ ਕਾਰਜਸ਼ੀਲ ਹੈ। ਇਸ ਵਿਭਾਗ ਨੇ ਕਈ ਨਵੇਂ ਕਦਮ ਉਠਾਏ ਹਨ। ਪੰਜਾਬ, ਰਾਜ ਸਰਕਾਰਾਂ, ਕੇਂਦਰੀ ਸਰਕਾਰ ਅਤੇ ਹੋਰ ਦੂਸਰੀਆਂ ਸੰਸਥਾਵਾਂ ਵੀ ਇਸ ‘ਤੇ ਕੰਮ ਕਰ ਰਹੀਆਂ ਹਨ।

ਨਾਜ਼ਿਮ : ਉਹ ਤਾਂ ਸਭ ਠੀਕ ਹੈ... ਪਰ...

ਸੰਜੀਵ : (ਹੱਸਦੇ ਹੋਏ)... ਪਰ... ਮੰਗੂ ਚਾਹ ਜੋ ਲੈ ਆਇਆ।ਓ ਭਾਈ ... ਮੇਰੇ ਬਿਸਕੁਟ ਕਿਥੇ ਹਨ?

ਮੰਗੂ : ਮੈਂ ਸੋਚਿਆ... ਇਹ ਸ਼ਹਿਰੀ ਬਾਬੂ, ਸ਼ਾਇਦ ਉਨ੍ਹਾਂ ਨੂੰ ਪਸੰਦ ਨਹੀਂ ਕਰਨਗੇ।

ਨਾਜ਼ਿਮ : ਮੇਰੇ ਭਾਈ, ਮੈਨੂੰ ਸ਼ਹਿਰੀ ਬਾਬੂ ਬੇਸ਼ੱਕ ਕਹਿ! ਮੈਂ ਤੇਰੇ ਇਸ ਕਹਿਣ ਨੂੰ ਬੁਰਾ ਵੀ ਨਹੀਂ ਮੰਨਾਂਗਾ। ਪਰ ਮੈਨੂੰ ਅਪਣੇ ਬਿਸਕੁਟ ਤੋਂ ਦੂਰ ਨਾ ਰੱਖ (ਹੱਸਦਾ ਹੈ)

(ਮੰਗੂ ਬਿਸਕੁਟ ਲਿਆਉਂਦਾ ਹੈ)

ਮੰਗੂ : ਬਿਸਕੁਟ, ਬਾਬੂ... ਇਹ ਦੋ ਪੈਕੇਟ...

ਨਾਜ਼ਿਮ : ਧੰਨਵਾਦ ਮੰਗੂ ...

ਸੰਜੀਵ : ਮੰਗੂ ਦਾ ਘਰ ਇਥੋਂ ਥੋੜ੍ਹੀ ਦੂਰੀ 'ਤੇ ਹੀ ਹੈ। ਕੁਝ ਦਿਨ ਪਹਿਲਾਂ ਹੀ ਉਸ ਨੇ ਬਿਜਲੀ ਦਾ ਕੁਨੈਕਸ਼ਨ ਲਿਆ ਹੈ।

ਨਾਜ਼ਿਮ : ਅੱਛਾ! ਉਹ ਕਿਵੇਂ? ਕਿਆ ਬਾਤ ਹੈ? ਸੁਣ ਕੇ ਚੰਗਾ ਲੱਗਿਆ!

ਸੰਜੀਵ : ਸਭ ਤੋਂ ਅੱਛੀ ਗੱਲ ਹੈ ਕਿ ਇਥੋਂ ਦਾ ਪਾਵਰ-ਗਰਿੱਡ ਇਕ ਮਿਨੀ-ਪਾਵਰ ਗਰਿੱਡ ਹੈ ਜੋ ਕਿ ਸੂਰਜੀ ਊਰਜਾ ਅਧਾਰਿਤ ਹੈ। ਇਹ ਸਾਰਾ ਕੰਮ ਇਕ ਐਨ.ਜੀ.ਓ. ਦੇ ਸਹਿਯੋਗ ਨਾਲ ਕੀਤਾ ਗਿਆ ਹੈ।

ਨਾਜ਼ਿਮ : ਇਸ ਪ੍ਰਕਾਰ ਦੇ ਕੰਮਾਂ ਨੂੰ ਅੱਗੇ ਵਧਾਉਣ ਦੇ ਲਈ ਸਾਨੂੰ ਕਾਰਪੋਰੇਟ ਖੇਤਰ ਦੀ ਵੀ ਮੱਦਦ ਲੈਣੀ ਚਾਹੀਦੀ ਹੈ। ਕੀ ਖਿਆਲ ਹੈ?

ਸੰਜੀਵ : ਇਸ ਵਿਚ ਕੋਈ ਸੰਦੇਹ ਨਹੀਂ ਹੈ। ਕਈ ਪਰਿਸਥਿਤੀਆਂ ਦੱਸਦੀਆਂ ਹਨ ਕਿ ਵਰਤਮਾਨ ਆਫ-ਲਾਈਨ-ਗਰਿੱਡ ਊਰਜਾ ਪੂਰਤੀ ਦਾ ਦਾਇਰਾ ਬਹੁਤ ਵੱਡਾ ਹੈ। ਪ੍ਰਾਈਵੇਟ ਕੰਪਨੀਆਂ ਵੀ ਇਸ ਖੇਤਰ ਵਿਚ ਨਵੀਂ ਭੂਮਿਕਾ ਲੱਭ ਰਹੀਆਂ ਹਨ।

ਨਾਜ਼ਿਮ : ਵਾਹ! ਕੀ ਗੱਲ ਹੈ?

ਸੰਜੀਵ : ਦੋ ਰਾਜ ਸਰਕਾਰਾਂ ਨੇ ਇਸ ਵਿਚ ਅੱਛਾ ਕੰਮ ਕੀਤਾ ਹੈ।

ਨਾਜ਼ਿਮ : ਮੇਰੇ ਵਿਚਾਰ ਵਿਚ ਇਕ ਤਾਂ ਪੱਛਮੀ ਬੰਗਾਲ ਹੈ! (ਹੱਸਦਾ ਹੈ)

ਸੰਜੀਵ : ਤੁਸੀਂ ਠੀਕ ਕਿਹਾ ਹੈ। ਅਤੇ ਦੂਸਰਾ ਰਾਜ ਹੈ ਛੱਤੀਸਗੜ੍ਹ। ਭਾਰਤ ਵਿਚ ਲਘੂ-ਸੋਲਰ ਗਰਿੱਡ ਦਾ ਵਿਚਾਰ ਸੰਨ 1990 ਵਿਚ ਪੱਛਮੀ ਬੰਗਾਲ ਵਿਚ ਸੁੰਦਰਬਨ ਖੇਤਰ ਦੇ ਲਈ ਆਇਆ ਸੀ, ਅਤੇ ਛੱਤੀਸਗੜ੍ਹ ਦੇ ਦੂਰ-ਦਰਾਜ ਦੇ ਜੰਗਲਾਂ ਵਿਚ ਨਿਵਾਸ ਕਰਨ ਵਾਲੇ ਲੋਕਾਂ ਦੇ ਲਈ ਸੁਝਾਇਆ ਗਿਆ ਸੀ। ਉਸ ਸਮੇਂ ਤਾਂ ਛਤੀਸ਼ਗੜ੍ਹ, ਮੱਧ ਪ੍ਰਦੇਸ਼ ਦਾ ਹੀ ਭਾਗ ਸੀ।

ਨਾਜ਼ਿਮ : ਪਰ ਉਹ ਸਭ ਸਰਕਾਰੀ ਸੰਸਥਾਵਾਂ ਸਨ। ਪ੍ਰਾਈਵੇਟ ਸੈਕਟਰ ਦੇ ਬਾਰੇ ਕੀ ਕਹਿਣਾ ਹੈ? ਹਾਲਾਂਕਿ

ਮੈਂ ਅਪਣੇ ਸਵਾਲ ਨੂੰ ਦੁਹਰਾ ਰਿਹਾ ਹਾਂ... ਪਰ ਮੇਰੇ ਲਈ ਜਾਣਨਾ ਜ਼ਰੂਰੀ ਹੈ।

ਸੰਜੀਵ : ਕਈ ਵਧੀਆ ਉਦਾਹਰਨ ਗਿਣਾਏ ਜਾ ਸਕਦੇ ਹਨ। ਕਈ ਰਾਜਾਂ ਵਿਚ, ਲਘੂ-ਬਿਜਲੀ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਜਿੱਥੇ ਬਿਜਲੀ ਨਹੀਂ ਪਹੁੰਚੀ ਉਨ੍ਹਾਂ ਪਿੰਡਾਂ ਵਿਚ, ਪ੍ਰਾਈਵੇਟ ਕੰਪਨੀਆਂ ਕੰਮ ਕਰ ਰਹੀਆਂ ਹਨ। ਬਿਹਾਰ ਦੀ ਇਕ ਕੰਪਨੀ ਨੇ 300 ਪਿੰਡਾਂ ਵਿਚ, ਬਿਜਲੀ ਪੂਰਤੀ ਦਾ ਕੰਮ ਕੀਤਾ ਹੈ। ਇਸ ਕੰਪਨੀ ਨੇ ਸੰਨ 2007 ਤੋਂ ਹੁਣ ਤਕ ਛੋਟੇ-ਛੋਟੇ 80 ਲਘੂ ਬਿਜਲੀ ਕੇਂਦਰ ਸਥਾਪਿਤ ਕੀਤੇ ਹਨ ਅਤੇ ਲਗਭਗ ਦੋ ਲੱਖ ਲੋਕਾਂ ਨੂੰ ਲਾਭ ਪਹੁੰਚਾਇਆ ਹੈ।

ਨਾਜ਼ਿਮ : ਵਾਹ! ਸਰਾਹਨਾ ਵਾਲਾ ਕੰਮ...!

ਸੰਜੀਵ : ਹੋਰ ਵੀ ਕਈ ਉਦਾਹਰਨ ਹਨ। ਕਰਨਾਟਕ ਵਿਚ ਵੀ ਸੈਲਕੋ ਨਾਮਕ ਕੰਪਨੀ ਸੂਰਜੀ ਊਰਜਾ ‘ਤੇ ਕੰਮ ਕਰ ਰਹੀ ਹੈ। ਇਹ ਕੰਪਨੀ ਇੱਕ ਖਾਸ ਪ੍ਰਕਾਰ ਦੀ ਤਕਨੀਕ ਨਾਲ ਪਿੰਡਾਂ ਵਿਚ ਸੋਲਰ-ਪਾਵਰ ਦੁਆਰਾ ਘਰਾਂ ਨੂੰ ਰੋਸ਼ਨ ਕਰ ਰਹੀ ਹੈ।

ਨਾਜ਼ਿਮ : ਤੁਹਾਡਾ ਕੀ ਮੰਨਣਾ ਹੈ? ਕੀ ਭਵਿੱਖ ਵਿਚ ਇਸ ਖੇਤਰ ਵਿੱਚ ਹੋਰ ਨਵੇਂ ਉੱਦਮੀ ਸਾਹਮਣੇ ਆਉਣਗੇ?

ਸੰਜੀਵ : ਮੈਨੂੰ ਇਸ ਵਿਚ ਕੋਈ ਸੰਦੇਹ ਨਹੀਂ ਹੈ। ਮੇਰੀ ਕੰਪਨੀ ਦੀ ਯੋਜਨਾ, ਸੁੰਦਰਬਨ ਖੇਤਰ ਵਿਚ ਨਵੀਨੀਕਰਨ ਊਰਜਾ ਦੇ ਖੇਤਰ ਵਿਚ ਪੰਜ ਲਘੂ-ਇਕਾਈਆਂ ਲਗਾਉਣ ਦੀ ਹੈ।

ਨਾਜ਼ਿਮ : ਪਰ ਪੰਜ ਕਿਉਂ? ਇਸ ਨਾਲ ਖਰਚ ਨਹੀਂ ਵਧੇਗਾ?

ਸੰਜੀਵ : ਸ਼ੁਰੂ ਵਿਚ ਅਜਿਹਾ ਹੋਵੇਗਾ। ਜੇਕਰ ਤੁਸੀਂ ਇਕ ਹੀ ਸ੍ਰੋਤ ਜਿਵੇਂ ਕਿ ਸੂਰਜੀ ਊਰਜਾ ਜਾਂ ਫਿਰ ਪੌਣ ਊਰਜਾ ਵਿਚ ਕੰਮ ਕਰਦੇ ਹੋ ਤਾਂ ਊਰਜਾ ਉਪਲਬਧਤਾ ਵਿੱਚ ਅਨਿਯਮਿਤਾ ਰਹੇਗੀ ਜਿਸ ਕਾਰਨ ਇਹ ਸੰਭਵ ਨਹੀਂ ਰਹੇਗਾ! ਪਰ ਵੱਖ ਵੱਖ ਪ੍ਰਕਾਰ ਦੀਆਂ ਇਕਾਈਆਂ ਦਾ ਲਾਭ ਇਹ ਹੈ ਕਿ ਬੱਦਲਾਂ ਦੇ ਕਾਰਨ ਜੇ ਕਦੇ ਸੂਰਜੀ ਊਰਜਾ ਉਤਪੰਨ ਨਹੀਂ ਹੋਵੇਗੀ ਤਾਂ ਉਥੇ ਦੂਸਰੇ ਪਾਸੇ ਤੇਜ਼ ਹਵਾ

ਚੱਲਦੀ ਹੋਣ ਕਾਰਨ, ਪੌਣ ਊਰਜਾ ਬਣ ਪਾਏਗੀ।

ਨਾਜ਼ਿਮ : ਮੈਂ ਸਮਝ ਸਕਦਾ ਹਾਂ - ਸੰਜੀਵ ਜੀ!

ਸੰਜੀਵ : ਆਪ ਲਈ ਮੇਰੇ ਕੋਲ ਕੁਝ ਨਵਾਂ ਅਚਰਜ ਹੈ...... I mean a new surprise!

ਨਾਜ਼ਿਮ : ਕੀ ਹੈ... ਕੋਈ ਵੱਡਾ ਆਯੋਜਨ...!

ਸੰਜੀਵ : ਕੋਈ ਵੱਡਾ ਪ੍ਰੋਗਰਾਮ ਨਹੀ... ਬੱਸ ਇਕ ਸਾਧਾਰਨ ਜਿਹੇ ਪਿੰਡ ਦਾ ਛੋਟਾ ਜਿਹਾ ਪ੍ਰੋਗਰਾਮ ਹੈ! ਕੁਝ ਸੰਗੀਤ ਅਤੇ ਇਕ ਦੋ ਲਘੂ-ਨਾਟਕ।

ਨਾਜ਼ਿਮ : ਇਹ ਤਾਂ ਠੀਕ ਹੈ... ਪਰ ਇਸ ਵਿਚ ਹੈਰਾਨੀ ਦੀ ਕੀ ਗੱਲ ਹੈ?

ਸੰਜੀਵ : ਇਸ ਪੇਸ਼ਕਾਰੀ ਦੇ ਲਈ ਸਾਰੀ ਰੋਸ਼ਨੀ ਦਾ ਪ੍ਰਬੰਧ... ਨਵੀਨੀਕਰਨ ਊਰਜਾ ਸ੍ਰੋਤਾਂ ਤੋਂ ਜੋ ਹੈ। ਨਾ ਹੀ ਡੀਜ਼ਲ ਦੀ ਖਪਤ ਅਤੇ ਨਾ ਹੀ ਕੋਈ ਪ੍ਰਦੂਸ਼ਣ!

ਨਾਜ਼ਿਮ : ਅੱਛਾ...ਸਾਰੀ ਦੀ ਸਾਰੀ ਲਾਈਟ ਐਂਡ ਸਾਊਂਡ ਗੈਰ ਰਵਾਇਤੀ ਸ੍ਰੋਤਾਂ ਤੋਂ?

ਸੰਜੀਵ : ਜੋ ਨਾਟਕ ਦਿਖਾਇਆ ਜਾਵੇਗਾ ਉਹ ਵੀ ਸਥਾਨਕ ਲੋਕ ਧਾਰਾ 'ਤੇ ਅਧਾਰਿਤ ਹੋਵੇਗਾ। ਪਰ ਸੰਦੇਸ਼ ਸਪਸ਼ਟ ਹੋਵੇਗਾ - ਨਵੀਨੀਕਰਨ ਊਰਜਾ ਅਤੇ ਵਾਤਾਵਰਨ ਸੁਰੱਖਿਆ।

ਨਾਜ਼ਿਮ : ਫਿਰ ਤਾਂ ਮੈਂ ਜ਼ਰੂਰ ਵੇਖਾਂਗਾ। ਗੈਸਟ ਹਾਊਸ ਵਿਚ ਸੂਚਨਾ ਦੇ ਦਿੰਦਾ ਹਾਂ, ਦੇਰੀ ਨਾਲ ਆਵਾਂਗਾ।

**......ਲੜੀਵਾਰ ਦੀ ਧੁਨ......**

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਚੌਥਾ......**

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**(ਪਿੰਡ ਦਾ ਦ੍ਰਿਸ਼... ਨਾਟਕ ਚੱਲਦਾ ਹੈ! ਲੋਕਧਾਰਾ ਦਾ ਸੰਗੀਤ.. ਤਾਲੀਆਂ ਆਦਿ... ਦਰਸ਼ਕ ਵਾਪਸ ਜਾ ਰਹੇ ਹਨ)**

ਨਾਜ਼ਿਮ : ਮਜ਼ਾ ਆ ਗਿਆ।ਕਿੰਨੀ ਸੁੰਦਰ ਪੇਸ਼ਕਾਰੀ! ਉਸ ਛੋਟੀ ਜਿਹੀ ਲੜਕੀ ਦਾ ਤਾਂ ਕਹਿਣਾ ਹੀ ਕੀ? What a talented girl…

ਸੰਜੀਵ : ਉਸ ਦੀ ਚੋਣ, ਜ਼ਿਲ੍ਹਾ ਪੱਧਰ 'ਤੇ ਹੋਏ ਡਰਾਮਾ ਮੁਕਾਬਲੇ ਵਿਚ ਹੋਈ ਸੀ।

ਨਾਜ਼ਿਮ : ਸੁੰਦਰ... ਉਹ ਇਸ ਦੀ ਹੱਕਦਾਰ ਹੈ।

ਸੰਜੀਵ : ਨਵੀਨੀਕ੍ਰਿਤ ਊਰਜਾ ਦੀ ਵਰਤੋਂ 'ਤੇ ਦਿੱਤਾ ਗਿਆ ਸੰਦੇਸ਼ ਵੀ ਇਕਦਮ ਸਪਸ਼ਟ ਸੀ।

ਨਾਜ਼ਿਮ : ਸੰਜੀਵ ਉਧਰ ਵੇਖੋ! ਆਸਮਾਨ ਵੱਲ... ਉਹ ਨੀਲੀਆਂ ਰੇਖਾਵਾਂ। ਮੈਂ ਕਦੇ ਸ਼ਹਿਰ ਵਿਚ ਇਸ ਪ੍ਰਕਾਰ ਚਮਕਦੇ ਹੋਏ ਸਿਤਾਰੇ ਨਹੀਂ ਵੇਖੇ ਹਨ। ਇਸ ਅਸਮਾਨ ਹੇਠਾਂ ਖੜ੍ਹਾ ਹੋ ਕੇ ਵੇਖਣਾ, ਅਲੱਗ ਹੀ ਸਕੂਨ ਦਿੰਦਾ ਹੈ। ਪ੍ਰਧਾਨ ਕਲਾਕਾਰ ਦਾ ਸੰਦੇਸ਼ ਵੀ ਕੁਝ ਇਸੇ ਪ੍ਰਕਾਰ ਦਾ ਪ੍ਰਭਾਵ ਦੇ ਰਿਹਾ ਸੀ... ਜੇਕਰ ਸਾਡੀ ਧਰਤੀ ਸਾਫ-ਸੁਥਰੀ ਹੋਵੇਗੀ ਤਾਂ ਸਾਡਾ ਜੀਵਨ ਵੀ ਸੁੰਦਰ ਹੋਵੇਗਾ।

ਸੰਜੀਵ : ਤੁਸੀਂ ਤਾਂ ਭਾਵੁਕ ਹੋ ਗਏ। ਇਕ ਬੈਂਕ ਕਰਮਚਾਰੀ ਤੋਂ ਇਸ ਪ੍ਰਕਾਰ...?

ਨਾਜ਼ਿਮ : ਸੰਜੀਵ, ਮੈਨੂੰ ਮੇਰੇ ਕਰਤੱਵ ਦਾ ਖਿਆਲ ਹੈ। ਮੈਂ ਵਾਪਸ ਜਾ ਕੇ ਅਪਣੀ ਰਿਪੋਰਟ ਵੀ ਪੇਸ਼ ਕਰਨੀ ਹੈ। ਪਰ ਆਖਿਰਕਾਰ ਮੈਂ ਵੀ ਇਕ ਇਨਸਾਨ ਹਾਂ। ਮੇਰਾ ਵੀ ਸੁਪਨਾ ਹੈ, ਸਾਫ-ਸੁਥਰਾ ਵਾਤਾਵਰਨ ਅਤੇ ਟਿਕਾਊ ਵਿਕਾਸ... ਕੀ ਸੰਜੀਵ, ਇਹ ਸਭ ਸੰਭਵ ਹੋ ਸਕੇਗਾ?

ਸੰਜੀਵ : ਮੈਂ ਤਾਂ ਥੋੜ੍ਹੇ ਵਿਚ ਇਹੀ ਕਹਾਂਗਾ - ਅਦਭੁੱਤ! ਪਰ ਇਹ ਵੀ ਸਪਸ਼ਟ ਹੈ ਕਿ ਇਸ ਪ੍ਰਕਾਰ ਦੀਆਂ ਇਕ... ਦੋ, ਯੋਜਨਾਵਾਂ ਨਾਲ ਸੁੰਦਰਬਨ ਖੇਤਰ ਦੀ ਕਾਇਆ ਕਲਪ ਨਹੀਂ ਹੋਣ ਵਾਲੀ!

ਨਾਜ਼ਿਮ : ਪਰ ਮੈਨੂੰ ਆਸ ਹੈ ਕਿ ਬਦਲਾਅ ਆਵੇਗਾ। ਤੁਸੀਂ ਉਸ ਯੂਰਪੀ ਲੜਕੀ ਦੀ ਕਹਾਣੀ ਤਾਂ ਸੁਣੀ ਹੀ ਹੋਵੇਗੀ, ਜਿਸ ਨੇ ਗਲੋਬਲ ਵਾਰਮਿੰਗ ਦੇ ਵਿਰੁੱਧ ਲੜਾਈ ਸ਼ੁਰੂ ਕੀਤੀ ਹੈ!

ਸੰਜੀਵ : ਹਾਂ... ਮੈਂ ਉਸ ਬਾਰੇ ਪੜ੍ਹਿਆ ਹੈ। ਪਰ ਇਸ ਮਾਮਲੇ ਬਾਬਤ ਜਦੋਂ ਤਕ ਸਾਰਾ ਸੰਸਾਰ ਨਹੀਂ ਜਾਗੇਗਾ ਉਦੋਂ ਤਕ ਗੱਲ ਬਣਨ ਵਾਲੀ ਨਹੀਂ।

ਨਾਜ਼ਿਮ : ਸਾਨੂੰ ਇਸ ਪ੍ਰਕਾਰ ਦੀ ਤਕਨੀਕ 'ਤੇ ਪੈਸਾ ਲਗਾਉਣਾ ਹੋਵੇਗਾ, ਜਿਸ ਨਾਲ ਅਸੀਂ ਪ੍ਰਦੂਸ਼ਣ ਤੋਂ ਬਚ ਸਕੀਏ। ਸ਼ਹਿਰਾਂ ਵਿਚ ਸਰਵਜਨਿਕ ਆਵਾਜਾਈ ਦੇ ਸਾਧਨਾਂ 'ਤੇ ਜ਼ੋਰ ਦੇਣਾ ਹੋਵੇਗਾ। ਸਥਾਨਕ ਨਵੀਨੀਕ੍ਰਿਤ ਊਰਜਾ ਅਪਨਾਉਣੀ ਹੋਵੇਗੀ ਅਤੇ ਪਥਰਾਟੀ ਬਾਲਣਾ ਨੂੰ ਤਿਆਗਣਾ ਹੋਵੇਗਾ। ਉਦਯੋਗ-ਧੰਦਿਆਂ ਵਿਚ ਊਰਜਾ ਦੀ ਖਪਤ ਨੂੰ ਘੱਟ ਕਰਨ ਵਾਲੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ।

ਸੰਜੀਵ : ਮੈਂ ਕੁਝ ਸਮਝਿਆ ਨਹੀਂ। ਕੀ ਤੁਸੀਂ ਸਚਮੁੱਚ ਹੀ ਬੈਂਕ ਵੱਲੋਂ ਕੁਝ ਜਾਣਕਾਰੀਆਂ ਲੈਣ ਲਈ ਆਏ ਹੋ ਜਾਂ ਫਿਰ ਤੁਸੀਂ ਆਪ ਵੀ ਕੋਈ ਵਾਤਾਵਰਨ ਕਾਰਕੁਨ ਹੋ (ਹੱਸਦਾ ਹੈ)

**ਨਾਜ਼ਿਮ ਗੰਭੀਰ ਹੋ ਜਾਂਦਾ ਹੈ**

ਸੰਜੀਵ : ਸਰ ਤੁਸੀਂ ਠੀਕ ਤਾਂ ਹੋ।

ਨਾਜ਼ਿਮ : ਸੰਜੀਵ, ਮੇਰਾ ਜੱਦੀ ਪਿੰਡ, ਉੱਤਰੀ ਬੰਗਾਲ ਵਿਚ ਪੈਂਦਾ ਹੈ। ਉਥੇ ਪਿਛਲੇ ਦੋ ਸਾਲਾਂ ਤੋਂ ਹੜ੍ਹ ਆ ਰਿਹਾ ਹੈ। ਇਸ ਵਾਰ ਪਤਾ ਚਲਿਆ ਕਿ ਮੇਰੇ ਬਚਪਨ ਦੇ ਦੋਸਤ ਸ਼ੰਕਰ ਦੇ ਪੰਜ ਸਾਲ ਦੇ ਬੇਟੇ ਦੀ ਹੜ੍ਹ ਵਿਚ ਵਹਿਣ ਨਾਲ ਮੌਤ ਹੋ ਗਈ।

ਸੰਜੀਵ : ਇਹ ਤਾਂ ਬਹੁਤ ਹੀ ਦੁੱਖ ਦੀ ਗੱਲ ਹੈ... ਸਰ!

ਨਾਜ਼ਿਮ : ਜਦੋਂ ਮੈਂ ਪੜ੍ਹਦਾ ਹਾਂ ਕਿ ਇਹ ਸਭ ਕੁੱਝ ਬਿਨਾਂ ਸੋਚੇ ਸਮਝੇ ਜੰਗਲਾਂ ਦੀ ਕਟਾਈ ਅਤੇ ਪਥਰਾਟੀ ਬਾਲਣਾ ਦੀ ਬਦੌਲਤ ਹੋ ਰਿਹਾ ਹੈ ਤਾਂ ਕਿਤੇ ਨਾ ਕਿਤੇ ਅਸੀਂ ਅਪਣੇ ਆਪ ਨੂੰ ਅਪਰਾਧੀ ਪਾਉਂਦੇ ਹਾਂ। ਕਿਉਂ ਨਹੀਂ ਅਸੀਂ ਸਭ ਮਿਲ ਕੇ ਇਸ ਵਾਤਾਵਰਨ ਦੇ ਲਈ ਹੋਰ ਅੱਛਾ ਕਰਦੇ ?

ਸੰਜੀਵ : ਕਾਸ਼! ਅਸੀਂ ਸਾਰੇ ਇਸ ਪ੍ਰਕਾਰ ਸੋਚਣਾ ਸ਼ੁਰੂ ਕਰ ਦੇਈਏ। ਹੁਣ ਕਾਫੀ ਦੇਰ ਹੋ ਗਈ ਹੈ, ਤੁਸੀਂ ਗੈਸਟ ਹਾਊਸ ਵੀ ਵਾਪਸ ਜਾਣਾ ਹੈ।

ਨਾਜ਼ਿਮ : ਤੁਸੀਂ ਠੀਕ ਕਹਿ ਰਹੇ ਹੋ। ਪਰ ਸੰਜੀਵ, ਤੁਸੀਂ ਮੇਰੀਆਂ ਸ਼ੁਭਕਾਮਨਾਵਾਂ ਨਾਟਕ ਦੇ ਕਲਾਕਾਰਾਂ ਅਤੇ ਨਿਰਦੇਸ਼ਕ ਨੂੰ ਜ਼ਰੂਰ ਪਹੁੰਚਾ ਦੇਣਾ। ਮੇਰੇ ਵਰਗੇ ਵਿਅਕਤੀ ਵਿਚ ਵੀ, ਉਨ੍ਹਾਂ ਨੇ ਇਕ ਨਵੀਂ ਸੋਚ ਨੂੰ ਜਨਮ ਦਿੱਤਾ ਹੈ।

ਸੰਜੀਵ : ਮੈਂ ਤੁਹਾਡੀਆਂ ਭਾਵਨਾਵਾਂ, ਜ਼ਰੂਰ ਉਨ੍ਹਾਂ ਤਕ ਪਹੁੰਚਾ ਦਿਆਂਗਾ... ਹੁਣ ਚੱਲੀਏ... ਸ਼ੁਭ ਰਾਤਰੀ...!

ਨਾਜ਼ਿਮ : Good night…… Have a nice time……

…… ਸਮਾਪਤੀ ਸੰਗੀਤ……

ਪ੍ਰਸ਼ਨ:

ਪ੍ਰਸ਼ਨ-1: ਟਿਕਾਊ ਵਿਕਾਸ ਵੱਲ ਵਧਣ ਵਾਸਤੇ ਊਰਜਾ ਪੈਦਾ ਕਰਨ ਦੇ ਕਿਹੜੇ ਸ੍ਰੋਤਾਂ ਤੋਂ ਗੁਰੇਜ ਕਰਨ ਦਦਿ ਲੋੜ ਹੈ ?

ਉੱਤਰ: ਪਥਰਾਹਟੀ ਬਾਲਣਾਂ ਦੇ ਸ੍ਰੋਤਾਂ ਰਾਹੀਂ ਊਰਜਾ ਪੈਦਾ ਕਰਨ ਤੋਂ !

ਪ੍ਰਸ਼ਨ: ਨਜ਼ਿਮ ਨੂੰ ਬੈਂਕ ਮੈਨੇਜਰ ਨੇ ਗੈਰ ਰਵਾਇਤੀ ਊਰਜਾ ਪ੍ਰੋਜੈਕਟ ਦਾ ਅਧਿਅਨ ਕਰਨ ਲਈ ਕਿਉਂ ਭੇਜਿਆ ?

ਉੱਤਰ: ਕਰਜੇ ਦਦਿ ਵਾਪਸੀ ਯਕੀਨੀ ਬਣਾਉਣ ਵਾਸਤੇ ਪ੍ਰੋਜੈਕਟ ਦਦਿ ਸਫਲਤਾ ਦਦਿ ਸੰਭਾਵਨਾ ਬਾਬਤ ਜਾਣਨਾ ਜਰੂਰੀ ਸੀ !